Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 66 | Tuesday, April 05, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਸਿਹਤ ਸੇਵਾਵਾਂ ਦੇ ਪਸਾਰ ਲਈ ਫੋਰਡ ਨੇ ਕੀਤਾ 21 ਮਿਲੀਅਨ ਡਾਲਰ ਦੇਣ ਦਾ ਵਾਅਦਾ

ਟੋਰਾਂਟੋ, 4 ਅਪਰੈਲ (ਪੋਸਟ ਬਿਊਰੋ) : ਪ੍ਰੀਮੀਅਰ ਡਗ ਫੋਰਡ ਵੱਲੋਂ ਅੱਜ ਬਰੈਂਪਟਨ, ਓਨਟਾਰੀਓ ਵਿੱਚ ਵਿਲੀਅਮ ਓਸਲਰ ਹੈਲਥ ਸਿਸਟਮ ਦੇ ਪਸਾਰ ਤੇ ਸੇਵਾਵਾਂ ਵਿੱਚ ਸੁਧਾਰ ਲਈ 21 ਮਿਲੀਅਨ ਡਾਲਰ ਦੇਣ ਦਾ ਵਾਅਦਾ ਕੀਤਾ ਗਿਆ ਹੈ।

ਫੋਰਡ ਨੇ ਆਖਿਆ ਕਿ ਇਨ੍ਹਾਂ ਨਵੇਂ ਫੰਡਾਂ ਵਿੱਚੋਂ 18 ਮਿਲੀਅਨ ਡਾਲਰ ਪੀਲ ਮੈਮੋਰੀਅਲ ਹਸਪਤਾਲ ਵਿੱਚ ਐਮਰਜੰਸੀ ਰੂਮ ਬਣਾਉਣ, ਜੋ ਕਿ 24 ਘੰਟੇ ਕੰਮ ਕਰਨ ਵਾਲਾ ਅਰਜੈਂਟ ਕੇਅਰ ਸੈਂਟਰ ਹੋਵੇਗਾ ਤੇ 3 ਮਿਲੀਅਨ ਡਾਲਰ ਬਰੈਂਪਟਨ ਸਿਵਿਕ ਹਸਪਤਾਲ ਦੇ ਕੈਂਸਰ ਕੇਅਰ ਸੈਂਟਰ ਵਿੱਚ ਨਿਵੇਸ਼ ਉੱਤੇ ਖਰਚਿਆ ਜਾਵੇਗਾ। ਉਨ੍ਹਾਂ ਆਖਿਆ ਕਿ ਇਹ ਨਵਾਂ ਨਿਵੇਸ਼ ਪਿਛਲੇ ਸਾਲ



ਐਲਾਨੇ 18 ਮਿਲੀਅਨ ਡਾਲਰ ਨਾਲੋਂ ਵੱਖਰਾ ਹੈ। ਇਸ ਤੋਂ ਭਾਵ ਹੈ ਕਿ ਪੀਲ ਮੈਮੋਰੀਅਲ ਦਾ ਐਮਰਜੰਸੀ ਰੂਮ ਵੀ 24 ਘੰਟੇ ਕੰਮ ਕਰਨ ਲੱਗ ਜਾਵੇਗਾ।

ਫੋਰਡ ਨੇ ਆਖਿਆ ਕਿ ਫੰਡਿੰਗ ਸਬੰਧੀ ਇਹ ਵਚਨਬੱਧਤਾ ਅਗਲੇ 10 ਸਾਲਾਂ ਵਿੱਚ 30 ਬਿਲੀਅਨ ਡਾਲਰ ਤੋਂ ਵੱਧ ਦੇ ਨਿਵੇਸ਼ ਦੀ ਸਰਕਾਰ ਦੀ ਯੋਜਨਾ ਦਾ ਹਿੱਸਾ ਹੈ। ਇਸ ਦੌਰਾਨ ਸਰਕਾਰ ਪ੍ਰੋਵਿੰਸ ਦੇ ਹੈਲਥ ਕੇਅਰ ਇਨਫਰਾਸਟ੍ਰਕਚਰ ਵਿੱਚ ਸੁਧਾਰ ਕਰਨਾ ਚਾਹੁੰਦੀ ਹੈ। ਉਨ੍ਹਾਂ ਆਖਿਆ ਕਿ ਸਰਕਾਰ ਦੀ ਇਸ ਯੋਜਨਾ ਤਹਿਤ ਟੋਰਾਂਟੋ ਦੇ ਨੌਰਥਵੈਸਟ ਵਿੱਚ 250 ਨਵੇਂ ਹਸਪਤਾਲ ਬੈੱਡ ਮੁਹੱਈਆ ਕਰਵਾਏ ਜਾਣਗੇ।

ਐਤਵਾਰ ਨੂੰ ਕੀਤੀ ਗਈ ਪ੍ਰੈੱਸ ਕਾਨਫਰੰਸ ਵਿੱਚ ਫੋਰਡ ਨੇ ਆਖਿਆ ਕਿ ਨਵੇਂ ਬੈੱਡਜ਼ ਦੀ ਉਸਾਰੀ ਸਮੱਸਿਆ ਹੱਲ ਕਰਨ ਦਾ ਇੱਕ ਹਿੱਸਾ ਹੈ ਕਿਉਂਕਿ ਹਰੇਕ ਨਵੇਂ ਬੈੱਡ, ਹਰੇਕ ਵਾਧੂ ਸੇਵਾ ਲਈ ਸਾਨੂੰ ਨਵੇਂ ਸਿੱਖਿਅਤ ਡਾਕਟਰਾਂ ਦੀ ਲੋੜ ਵੀ ਹੋਵੇਗੀ। ਇਸੇ ਲਈ ਸਾਡੀ ਸਰਕਾਰ 160 ਅੰਡਰਗ੍ਰੈਜੂਏਟ ਅਹੁਦੇ ਤੇ 295 ਪੋਸਟਗ੍ਰੈਜੂਏਟ ਅਹੁਦੇ ਕਾਇਮ ਕਰਨ ਜਾ ਰਹੀ ਹੈ।

ਇਸ ਮੌਕੇ ਫੋਰਡ ਦੇ ਨਾਲ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਤੇ ਬ੍ਰੈਂਪਟਨ ਸਾਊਥ ਤੋਂ ਐਮਪੀਪੀ ਪ੍ਰਭਮੀਤ ਸਰਕਾਰੀਆ ਵੀ ਹਾਜ਼ਰ ਸਨ।

## ਇੰਟਰਨੈਸ਼ਨਲ ਵਿਦਿਆਰਥੀਆਂ ਲਈ ਸ਼ੈਰੀਡਨ ਨੇ ਐਲਾਨੀ ਨਵੀਂ ਐਂਟਰੈਂਸ ਸਕਾਲਰਸ਼ਿਪ

ਬਰੈਂਪਟਨ, 4 ਅਪਰੈਲ (ਪੋਸਟ ਬਿਊਰੋ) : ਇੰਟਰਨੈਸ਼ਨਲ ਵਿਦਿਆਰਥੀ ਬਸੰਤ 2022, ਸਾਲ 2022 ਦੇ ਅੰਤ ਵਿੱਚ ਤੇ 2023 ਦੇ ਸਿਆਲਾਂ ਵਾਲੇ ਸਮੈਸਟਰਜ਼ (ਇਨ੍ਹਾਂ ਵਿੱਚ ਈਐਸਐਲ ਦੇ ਵਿਦਿਆਰਥੀ ਸ਼ਾਮਲ ਨਹੀਂ ਹਨ) ਵਿੱਚ ਫੁੱਲ ਟਾਈਮ ਪੜ੍ਹਾਈ ਸ਼ੁਰੂ ਕਰਨ ਜਾ ਰਹੇ ਹਨ। ਇਨ੍ਹਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਅਕਾਦਮਿਕ ਪ੍ਰੋਗਰਾਮ ਦੇ ਹਿਸਾਬ ਨਾਲ 1000 ਤੋਂ 2000 ਦਰਮਿਆਨ ਐਂਟਰੈਂਸ ਸਕਾਲਰਸ਼ਿਪ ਮਿਲੇਗੀ।

ਵਿਦਿਆਰਥੀਆਂ ਨੂੰ ਉਨ੍ਹਾਂ ਦੇ ਦਾਖਲੇ ਦੇ ਨਾਲ ਸਕਾਲਰਸ਼ਿਪ ਦੀ ਸਹੀ ਰਕਮ ਦੱਸ ਦਿੱਤੀ ਜਾਵੇਗੀ। ਇਹ ਫੰਡ ਆਟੋਮੈਟਿਕਲੀ ਪੜ੍ਹਾਈ ਦੀ ਪਹਿਲੀ ਤੇ ਦੂਜੀ ਟਰਮ ਵਿੱਚ ਜਾਰੀ ਕੀਤੀਆਂ ਦੋ ਕਿਸ਼ਤਾਂ ਵਿੱਚ ਦੋ ਬਰਾਬਰ ਹਿੱਸਿਆਂ ਵਿੱਚ ਵਿਦਿਆਰਥੀਆਂ ਦੇ ਖਾਤਿਆਂ ਵਿੱਚ ਪਾ ਦਿੱਤੀ



ਜਾਵੇਗੀ। ਦੂਜੀ ਕਿਸ਼ਤ ਦਾ ਲਾਹਾ ਲੈਣ ਲਈ ਵਿਦਿਆਰਥੀਆਂ ਨੂੰ ਦੂਜੀ ਟਰਮ ਵਿੱਚ ਫੁੱਲ ਟਾਈਮ ਰਹਿਣਾ ਹੋਵੇਗਾ।

110 ਦੇਸ਼ਾਂ ਤੋਂ 8200 ਕੌਮਾਂਤਰੀ ਵਿਦਿਆਰਥੀ ਇਨ ਪਰਸਨ ਤੇ ਦੂਰ ਦਰਾਜ ਤੋਂ ਸ਼ੈਰੀਡਨ ਵਿੱਚ ਪੜ੍ਹਾਈ ਕਰ ਰਹੇ ਹਨ ਤੇ ਇਸ ਵੰਨ ਸਵੰਨਤਾ ਉੱਤੇ ਕਾਲਜ ਨੂੰ ਬੜਾ ਮਾਣ ਹੈ। ਨਵੀਂ ਸਕਾਲਰਸ਼ਿਪ ਨਾਲ ਵਿਦਿਆਰਥੀਆਂ ਨੂੰ ਬਿਹਤਰੀਨ ਤਜਰਬਾ ਦੇਣ ਦੀ ਕਾਲਜ ਦੀ ਵਚਨਬੱਧਤਾ ਪੂਰੀ ਹੁੰਦੀ ਹੈ ਤੇ ਇਸ ਨਾਲ ਕੌਮਾਂਤਰੀ ਵਿਦਿਆਰਥੀਆਂ ਦੀ ਵੀ ਸ਼ੈਰੀਡਨ ਦੇ ਕਈ ਪ੍ਰੋਗਰਾਮਾਂ ਤੱਕ ਪਹੁੰਚ ਸੁਖਾਲੀ ਹੋ ਜਾਂਦੀ ਹੈ।

...ਬਾਕੀ ਪੰਨਾ 3 'ਤੇ

## ਟੋਰੀ ਤੇ ਡੀ ਵਿਲਾ ਵੱਲੋਂ ਟੋਰਾਂਟੋ ਵਾਸੀਆਂ ਨੂੰ ਮਾਸਕ ਪਾ ਕੇ ਰੱਖਣ ਦੀ ਅਪੀਲ



ਟੋਰਾਂਟੋ, 4 ਮਾਰਚ (ਪੋਸਟ ਬਿਊਰੋ) : ਕੋਵਿਡ-19 ਵਾਇਰਸ ਦੀ ਛੇਵੀਂ ਵੇਵ ਦੀਆਂ ਕਨਸੋਆਂ ਦੇ ਚੱਲਦਿਆਂ ਟੋਰਾਂਟੋ ਦੇ ਉੱਘੇ ਡਾਕਟਰਾਂ ਨੇ ਸਥਾਨਕ ਵਾਸੀਆਂ ਨੂੰ ਇੰਡੋਰ ਵਿੱਚ ਮਾਸਕ ਪਾ ਕੇ ਰੱਖਣ ਦੀ ਅਪੀਲ ਕੀਤੀ ਹੈ। ਸਿਟੀ ਵੱਲੋਂ ਯੋਗ ਵਿਅਕਤੀਆਂ ਨੂੰ ਕੋਵਿਡ-19 ਵੈਕਸੀਨ ਦੀ ਤੀਜੀ ਡੋਜ਼ ਦੇਣ ਦੀ ਤਿਆਰੀ ਵੀ ਕੀਤੀ ਜਾ ਰਹੀ ਹੈ।

ਮੇਅਰ ਜੌਹਨ ਟੋਰੀ ਤੇ ਟੋਰਾਂਟੋ ਦੀ ਚੀਫ ਮੈਡੀਕਲ ਆਫੀਸਰ ਡਾ. ਐਲੀਨ ਡੀ ਵਿੱਲਾ ਨੇ ਸੋਮਵਾਰ ਸਵੇਰੇ ਯੂਨੀਅਨ ਸਟੇਸ਼ਨ ਉੱਤੇ ਇਹ ਗੱਲ ਆਖੀ। ਪਿਛਲੇ ਮਹੀਨੇ ਕੋਵਿਡ-19 ਸਬੰਧੀ ਅਪਡੇਟ ਖ਼ਤਮ ਕਰਨ ਤੋਂ ਬਾਅਦ ਦੋਵਾਂ ਆਗੂਆਂ ਨੇ ਪਹਿਲੀ ਵਾਰੀ ਇੱਕਠਿਆਂ ਕੋਈ ਗੱਲ ਕੀਤੀ ਹੈ।

...ਬਾਕੀ ਪੰਨਾ 3 'ਤੇ

## ਓਨਟਾਰੀਓ ਪੀਸੀ ਪਾਰਟੀ ਲਈ ਉਮੀਦਵਾਰ ਵਜੋਂ ਚੋਣ ਲੜਨਗੇ ਮਾਈਕਲ ਫੋਰਡ

ਟੋਰਾਂਟੋ, 4 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦਾ ਭਤੀਜਾ ਤੇ ਟੋਰਾਂਟੋ ਸਿਟੀ ਕਾਊਂਸਲਰ ਮਾਈਕਲ ਫੋਰਡ ਓਨਟਾਰੀਓ ਦੀ ਪੀਸੀ ਪਾਰਟੀ ਲਈ ਉਮੀਦਵਾਰ ਵਜੋਂ ਚੋਣ ਲੜਨਗੇ।

ਐਤਵਾਰ ਦੁਪਹਿਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵਾਂ ਵੱਲੋਂ ਇਹ ਐਲਾਨ ਕੀਤਾ ਗਿਆ ਕਿ ਮਾਈਕਲ ਫੋਰਡ ਯੌਰਕ ਸਾਊਥ-ਵੈਸਟਨ ਤੋਂ 2022 ਐਮਪੀਪੀ ਉਮੀਦਵਾਰ ਹੋਣਗੇ। ਉਨ੍ਹਾਂ ਇੱਕ ਬਿਆਨ ਵਿੱਚ ਆਖਿਆ ਕਿ ਯੌਰਕ ਸਾਊਥ-ਵੈਸਟਨ ਦੇ ਲੋਕ ਵੀ ਕੁਈਨਜ਼ ਪਾਰਕ ਵਿੱਚ ਆਪਣੇ ਨੁਮਾਇੰਦੇ ਦੇ ਹੱਕਦਾਰ ਹਨ, ਜਿਹੜਾ



ਸਿਰਫ ਗੱਲਾਂ ਹੀ ਨਾ ਕਰੇ ਤੇ ਕੰਮ ਵਿੱਚ ਦੇਰ ਹੀ ਨਾ ਕਰਦਾ ਰਹੇ ਸਗੋਂ ਨਿਰਮਾਣ ਕਾਰਜ ਵੀ ਕਰਾਵੇ ਤੇ ਸਾਡੀ ਕਮਿਊਨਿਟੀ ਲਈ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਵੀ ਕਾਇਮ ਕਰੇ। ਇਸ ਮੌਕੇ ਮਾਈਕਲ ਨੇ ਆਖਿਆ ਕਿ ਉਹ ਜਾਣਦੇ ਹਨ ਕਿ ਡੱਗ ਫੋਰਡ ਤੇ ਓਨਟਾਰੀਓ ਪੀਸੀ ਟੀਮ ਹੀ ਉਨ੍ਹਾਂ ਦੇ ਕੰਮ ਕਰਵਾ ਸਕਦੀ ਹੈ। ਇਸੇ ਲਈ ਉਹ ਯੌਰਕ ਸਾਊਥ-ਵੈਸਟਨ ਤੋਂ ਪੀਸੀ ਪਾਰਟੀ ਦੇ ਉਮੀਦਵਾਰ ਬਣੇ ਹਨ। 2016 ਤੋਂ ਹੀ ਮਾਈਕਲ ਨੇ ਇਟਬੀਕੋ ਨੌਰਥ ਦੇ ਵਾਰਡ ਲਈ ਲੋਕਲ ਨੁਮਾਇੰਦੇ ਵਜੋਂ ਸੇਵਾ ਨਿਭਾਈ ਹੈ, ਇਸ ਤੋਂ ਪਹਿਲਾਂ ਉਹ ਟੋਰਾਂਟੋ ਡਿਸਟ੍ਰਿਕਟ ਸਕੂਲ ਦੇ ਟਰੱਸਟੀ ਵੀ ਰਹਿ ਚੁੱਕੇ ਹਨ।

ਇਸ ਤੋਂ ਇਲਾਵਾ ਉਹ ਟੋਰਾਂਟੋ ਪੁਲਿਸ ਸਰਵਿਸਿਜ਼ ਬੋਰਡ, ਇਕਨੌਮਿਕ ਐਂਡ ਕਮਿਊਨਿਟੀ ਡਿਵੈਲਪਮੈਂਟ ਕਮੇਟੀ, ਆਡਿਟ ਕਮੇਟੀ ਤੇ ਕੈਨੇਡੀਅਨ ਨੈਸ਼ਨਲ ਐਗਜ਼ੀਬਿਸ਼ਨ ਐਸੋਸਿਏਸ਼ਨ ਬੋਰਡ ਦੇ ਮੈਂਬਰ ਵਜੋਂ ਵੀ ਸੇਵਾ ਨਿਭਾਅ ਚੁੱਕੇ ਹਨ। ਪਾਰਟੀ ਨੇ ਆਖਿਆ ਕਿ ਕੈਂਪੇਨ ਦੌਰਾਨ ਮਾਈਕਲ ਫੋਰਡ ਆਪਣੀ ਟੋਰਾਂਟੋ ਸਿਟੀ ਕਾਊਂਸਲ ਦੀ ਤਨਖਾਹ ਲੋਕਲ ਕਮਿਊਨਿਟੀ ਆਧਾਰਿਤ ਆਰਗੇਨਾਈਜ਼ੇਸ਼ਨਜ਼ ਨੂੰ ਡੋਨੇਟ ਕਰਨਗੇ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
•Excellent Cash Flow And Low Vacancy Rate
•Low Operating Costs
•Many Recent Upgrades To Rooms
•New Security Camera System
•Plan Approved For Additional Unit
RAJ HANDA BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

Locations: Woodbridge, Mississauga, Scarborough
YES! Immigration Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
iccrc Raj Narang, Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor 416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Advice you can bank on. Inc.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com



# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER

chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਕਾਊਂਸਲੇਟ ਵੱਲੋਂ ਓਪਨ ਹਾਊਸ ਸੈਸ਼ਨਜ਼ ਸ਼ੁਰੂ



ਟੋਰਾਂਟੋ, 4 ਅਪਰੈਲ (ਪੋਸਟ ਬਿਊਰੋ) : ਕਾਊਂਸਲੇਟ ਵੱਲੋਂ ਓਪਨ ਹਾਊਸ ਸੈਸ਼ਨਜ਼ 30 ਮਾਰਚ,2022 ਤੋਂ ਸ਼ੁਰੂ ਹੋ ਰਹੇ ਹਨ। ਇਹ ਸੈਸ਼ਨਜ਼ ਹਰ ਬੁੱਧਵਾਰ ਨੂੰ ਦੁਪਹਿਰੇ 3:00 ਤੇ 4:00 ਵਜੇ ਹੋਇਆ ਕਰਨਗੇ। ਬਿਨੈਕਾਰ ਓਸੀਆਈ, ਵੀਜ਼ਾ, ਪਾਸਪੋਰਟ, ਪੁਲਿਸ ਕਲੀਅਰੈਂਸ ਸਰਟੀਫਿਕੇਟ ਤੇ ਅਟੈਸਟੇਸ਼ਨ ਨਾਲ ਸਬੰਧਤ ਸਵਾਲਾਂ ਦੇ ਜਵਾਬ ਹਾਸਲ ਕਰਨ ਲਈ ਕਾਊਂਸਲੇਟ ਦੇ ਅਧਿਕਾਰੀਆਂ ਨੂੰ ਮਿਲਣ ਵਾਸਤੇ https://forms.gle/eGkYHWz7 msKZagsz8 ਉੱਤੇ ਰਜਿਸਟਰ ਕਰ ਸਕਦੇ ਹਨ। ਇਹ ਰਜਿਸਟ੍ਰੇਸ਼ਨ ਪਹਿਲਾਂ ਆਓ ਪਹਿਲਾਂ ਪਾਓ ਦੇ ਆਧਾਰ ਉੱਤੇ ਹੋਵੇਗੀ। ਇਸ ਸੈਸ਼ਨ ਵਿੱਚ ਹਿੱਸਾ ਲੈਣ ਦੀ ਪੁਸ਼ਟੀ ਬਿਨੈਕਾਰ ਵੱਲੋਂ ਰਜਿਸਟਰਡ ਈ-ਮੇਲ ਆਈਡੀ ਉੱਤੇ ਭੇਜ ਦਿੱਤੀ ਜਾਵੇਗੀ। ਬਿਲਡਿੰਗ ਅੰਦਰ ਦਾਖਲ ਹੋਣ ਲਈ ਰਜਿਸਟਰਡ ਵਿਅਕਤੀਆਂ ਨੂੰ ਕਨਫਰਮੇਸ਼ਨ ਸਬੰਧੀ ਈ-ਮੇਲ ਦਾ ਪ੍ਰਿੰਟਆਊਟ ਆਪਣੇ ਨਾਲ ਲਿਆਉਣਾ ਹੋਵੇਗਾ। ਕ੍ਰਿਪਾ ਕਰਕੇ ਇਸ ਗੱਲ ਵੱਲ ਧਿਆਨ ਦਿੱਤਾ ਜਾਵੇ ਕਿ ਓਪਨ ਹਾਊਸ ਲੰਮੇਂ ਸਮੇਂ ਤੋਂ ਪੈਂਡਿੰਗ ਮਾਮਲਿਆਂ ਨੂੰ ਹੱਲ ਕਰਨ ਲਈ ਹੀ ਹਨ ਤੇ ਇਹ ਨਿਯਮਿਤ ਕਾਊਂਸਲਰ ਸੇਵਾਵਾਂ ਮੌਕੇ ਉੱਤੇ ਉਪਲਬਧ ਕਰਵਾਉਣ ਲਈ ਨਹੀਂ ਹਨ।

## ਇੰਟਰਨੈਸ਼ਨਲ ਵਿਦਿਆਰਥੀਆਂ ਲਈ ਸ਼ੈਰੀਡਨ ਨੇ ਐਲਾਨੀ ਨਵੀਂ ਐਂਟਰੈਂਸ ਸਕਾਲਰਸ਼ਿਪ

ਪੰਨਾ 1 ਦਾ ਬਾਕੀ

ਸਰਕਾਰ ਤੇ ਕਮਿਊਨਿਟੀ ਭਾਈਵਾਲਾਂ ਨਾਲ ਰਲ ਕੇ ਕੌਮਾਂਤਰੀ ਵਿਦਿਆਰਥੀਆਂ ਲਈ ਬਿਹਤਰੀਨ ਮਿਸਾਲ ਪੇਸ਼ ਕਰਨ ਵਾਸਤੇ ਸ਼ੈਰੀਡਨ ਦੇ ਰਿਸਰਚਰਜ਼ ਨੇ ਕੌਮਾਂਤਰੀ ਵਿਦਿਆਰਥੀਆਂ ਦੀ ਸਫਲਤਾ ਲਈ ਕਿਫਾਇਤ ਤੇ ਵਿੱਤੀ ਮਦਦ ਨੂੰ ਮੁੱਖ ਕਾਰਕ ਦੱਸਿਆ। ਸ਼ੈਰੀਡਨ ਕਾਲਜ ਦੇ ਪ੍ਰੈਜ਼ੀਡੈਂਟ ਤੇ ਵਾਈਸ ਚਾਂਸਲਰ ਡਾ. ਜੈਨੇਟ ਮੌਰੀਸਨ ਨੇ ਆਖਿਆ ਕਿ ਕੌਮਾਂਤਰੀ ਵਿਦਿਆਰਥੀ ਸਾਡੀ ਕਮਿਊਨਿਟੀ ਲਈ ਵੱਖਰਾ ਤਜਰਬਾ ਤੇ ਨਜ਼ਰੀਆ ਲਿਆਉਂਦੇ ਹਨ। ਇਸ ਲਈ ਸਾਨੂੰ ਵੀ ਉਨ੍ਹਾਂ ਦੇ ਵਧਣ ਫੁੱਲਣ ਲਈ ਹਰ ਤਰ੍ਹਾਂ ਦੀ ਮਦਦ ਮੁਹੱਈਆ ਕਰਵਾਉਣੀ ਚਾਹੀਦੀ ਹੈ।

2021-22 ਦੇ ਅਕਾਦਮਿਕ ਵਰ੍ਹੇ ਵਿੱਚ ਸ਼ੈਰੀਡਨ ਇੰਟਰਨੈਸ਼ਨਲ ਵਿਦਿਆਰਥੀਆਂ ਨੂੰ ਸਕਾਲਰਸ਼ਿਪਸ ਤੇ ਹੋਰਨਾਂ ਐਵਾਰਡਜ਼ ਦੇ ਰੂਪ ਵਿੱਚ ਕਈ ਤਰ੍ਹਾਂ ਦੀ ਵਿੱਤੀ ਮਦਦ ਦਿੱਤੀ ਗਈ। ਇਸ ਸਾਲ ਦੇ ਸ਼ੁਰੂ ਵਿੱਚ ਸ਼ੈਰੀਡਨ ਨੂੰ ਸਕੋਸ਼ੀਆ ਬੈਂਕ ਦੇ ਸਕੋਸ਼ੀਆ ਰਾਈਜ਼ ਪ੍ਰੋਗਰਾਮ ਤੋਂ 250,000 ਡਾਲਰ ਰੂਪੀ ਤੋਹਫਾ ਵੀ ਹਾਸਲ ਹੋਇਆ ਜਿਸ ਨਾਲ ਇੰਟਰਨੈਸ਼ਨਲ ਵਿਦਿਆਰਥੀਆਂ ਲਈ ਆਨ-ਕੈਂਪਸ ਕੰਮ ਕਰਨ ਦੇ ਨਵੇਂ ਮੌਕੇ ਕਾਇਮ ਕੀਤੇ ਜਾ ਸਕਣਗੇ। ਇਸ ਸਮੇਂ ਸ਼ੈਰੀਡਨ ਦੇ ਇੰਟਰਨੈਸ਼ਨਲ ਵਿਦਿਆਰਥੀਆਂ ਨੂੰ ਕਈ ਤਰ੍ਹਾਂ ਦੀ ਸਕਾਲਰਸ਼ਿਪ ਤੇ ਹੋਰ ਫਾਇਦੇ ਹਾਸਲ ਹਨ ਇਨ੍ਹਾਂ ਵਿੱਚ ਹੇਠ ਲਿਖੇ ਸਕਾਲਰਸ਼ਿਪ ਸ਼ਾਮਲ ਹਨ :

- ਸ਼ੈਰੀਡਨ ਬੈਚਲਰ ਡਿਗਰੀ ਐਂਟਰੈਂਸ ਸਕਾਲਰਸ਼ਿਪ :ਬੈਚਲਰ ਆਫ ਬਿਜ਼ਨਸ ਐਡਮਨਿਸਟ੍ਰੇਸ਼ਨ (ਬੀਬੀਏ) ਡਿਗਰੀ ਪ੍ਰੋਗਰਾਮਾਂ ਲਈ ਯੋਗ ਵਿਦਿਆਰਥੀਆਂ ਲਈ 2000 ਡਾਲਰ ਦੀ ਐਂਟਰੈਂਸ ਸਕਾਲਰਸ਼ਿਪ
- ਸਰਟੀਫਿਕੇਟ, ਡਿਪਲੋਮਾ ਜਾਂ ਪੋਸਟ ਗ੍ਰੈਜੂਏਟ ਸਕਾਲਰਸ਼ਿਪ ਵਿੱਚ ਸ਼ੈਰੀਡਨ ਇੰਟਰਨੈਸ਼ਨਲ ਆਊਟਸਟੈਂਡਿੰਗ ਅਚੀਵਮੈਂਟ : ਸਰਟੀਫਿਕੇਟ, ਡਿਪਲੋਮਾ ਜਾਂ ਪੋਸਟ ਗ੍ਰੈਜੂਏਟ ਪ੍ਰੋਗਰਾਮਾਂ ( ਇਨ੍ਹਾਂ ਵਿੱਚ ਬੈਚਲਰ ਡਿਗਰੀ ਸ਼ਾਮਲ ਨਹੀਂ ਹੋਵੇਗੀ) ਵਾਸਤੇ 1000 ਡਾਲਰ ਦੀ ਪ੍ਰਤੀ ਵਿਦਿਆਰਥੀ 16 ਸਕਾਲਰਸ਼ਿਪਸ ਸ਼ੈਰੀਡਨ ਵਿੱਚ ਮੁੜ ਦਾਖਲਾ ਲੈਣ ਵਾਲੇ ਫੁੱਲ ਟਾਈਮ ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ (ਇਨ੍ਹਾਂ ਵਿੱਚ ਕੋ-ਆਪ, ਈਐਸਐਲ ਤੇ ਜੁਆਇੰਟ ਡਿਗਰੀ ਪ੍ਰੋਗਰਾਮ ਸ਼ਾਮਲ ਨਹੀਂ ਹਨ)।
- ਬੈਚਲਰ ਡਿਗਰੀ ਵਿੱਚ ਸ਼ੈਰੀਡਨ ਇੰਟਰਨੈਸ਼ਨਲ ਆਊਟਸਟੈਂਡਿੰਗ ਅਚੀਵਮੈਂਟ ਸਕਾਲਰਸ਼ਿਪ : ਬੈਚਲਰ ਡਿਗਰੀ ਪ੍ਰੋਗਰਾਮ (ਸਾਂਝੀ ਡਿਗਰੀ ਸ਼ਾਮਲ ਨਹੀਂ ਹੈ) ਵਿੱਚ ਸ਼ੈਰੀਡਨ ਵਿੱਚ ਮੁੜ ਦਾਖਲਾ ਲੈਣ ਵਾਲੇ ਇੰਟਰਨੈਸ਼ਨਲ ਵਿਦਿਆਰਥੀਆਂ ਲਈ 1500 ਡਾਲਰ ਦੀਆਂ ਪੰਜ ਸਕਾਲਰਸ਼ਿਪਸ (ਇਨ੍ਹਾਂ ਵਿੱਚ ਕੋ-ਆਪ, ਈਐਸਐਲ ਤੇ ਜੁਆਇੰਟ ਡਿਗਰੀ ਪ੍ਰੋਗਰਾਮ ਸ਼ਾਮਲ ਨਹੀਂ ਹਨ)
- ਸ਼ੈਰੀਡਨ ਇੰਟਰਨੈਸ਼ਨਲ ਲੋੜ ਦੇ ਹਿਸਾਬ ਨਾਲ ਦਿੱਤੇ ਜਾਣ ਵਾਲੇ ਵਜ਼ੀਫੇ : ਸ਼ੈਰੀਡਨ ਵਿੱਚ ਮੁੜ ਦਾਖਲਾ ਲੈਣ ਵਾਲੇ ਫੁੱਲ ਟਾਈਮ ਵਿਦਿਆਰਥੀਆਂ ਵਿੱਚੋਂ ਛੇ ਨੂੰ 1500 ਡਾਲਰ ਦੇ ਵਜ਼ੀਫੇ(ਇਨ੍ਹਾਂ ਵਿੱਚ ਕੋ-ਆਪ, ਈਐਸਐਲ ਤੇ ਜੁਆਇੰਟ ਡਿਗਰੀ ਪ੍ਰੋਗਰਾਮ ਸ਼ਾਮਲ ਨਹੀਂ ਹਨ)
- ਇੰਟਰਨੈਸ਼ਨਲ ਵਿਦਿਆਰਥੀਆਂ ਲਈ ਮੈਡੀਕਲ ਖਰਚਿਆਂ ਸਬੰਧੀ ਵਜ਼ੀਫੇ : ਸ਼ੈਰੀਡਨ ਦੇ ਇੰਟਰਨੈਸ਼ਨਲ ਵਿਦਿਆਰਥੀਆਂ (ਜੁਆਇੰਟ ਡਿਗਰੀ ਪ੍ਰੋਗਰਾਮ ਸ਼ਾਮਲ ਨਹੀਂ ਹਨ) ਲਈ ਮੈਡੀਕਲ ਖਰਚਿਆਂ ਸਬੰਧੀ ਵਜ਼ੀਫੇ (ਵੱਧ ਤੋਂ ਵੱਧ 500 ਡਾਲਰ ਤੱਕ)ਉਪਲਬਧ ਹਨ।
- ਇੰਟਰਨੈਸ਼ਨਲ ਲੀਡਰਸ਼ਿਪ ਐਵਾਰਡ-ਵਿੰਟਰ 2022 : ਸ਼ੈਰੀਡਨ ਇੰਟਰਨੈਸ਼ਨਲ ਸੈਂਟਰ ਇਹ ਐਵਾਰਡ ਉਨ੍ਹਾਂ ਇੰਟਰਨੈਸ਼ਨਲ ਵਿਦਿਆਰਥੀਆਂ ਨੂੰ ਦਿੰਦਾ ਹੈ ਜਿਹੜੇ ਕੈਂਪਸ ਵਿੱਚ ਕਮਾਲ ਦੀ ਲੀਡਰਸ਼ਿਪ ਦਾ ਮੁਜ਼ਾਹਰਾ ਕਰਦੇ ਹਨ। ਇਹ ਐਵਾਰਡ ਸ਼ੈਰੀਡਨ ਲਈ ਲੀਡਰਸ਼ਿਪ ਤੇ ਹੋਰ ਯੋਗਦਾਨ ਪਾਉਣ ਵਾਲੇ ਕੌਮਾਂਤਰੀ ਵਿਦਿਆਰਥੀਆਂ ਨੂੰ ਮਾਨਤਾ ਦੇਣ ਲਈ ਦਿੱਤਾ ਜਾਂਦਾ ਹੈ।

## ਟੋਰੀ ਤੇ ਡੀ ਵਿਲਾ ਵੱਲੋਂ ਟੋਰਾਂਟੋ ਵਾਸੀਆਂ ਨੂੰ ਮਾਸਕ ਪਾ ਕੇ ਰੱਖਣ ਦੀ ਅਪੀਲ

ਪੰਨਾ 1 ਦਾ ਬਾਕੀ

ਡੀ ਵਿੱਲਾ ਨੇ ਆਖਿਆ ਕਿ ਨਿਯਮਾਂ ਵਿੱਚ ਦਿੱਤੀ ਗਈ ਢਿੱਲ ਤੋਂ ਬਾਅਦ ਇੱਕ ਵਾਰੀ ਫਿਰ ਕੋਵਿਡ-19 ਦੇ ਮਾਮਲਿਆਂ ਵਿੱਚ ਹੋ ਰਿਹਾ ਵਾਧਾ ਕੋਈ ਅਲੋਕਾਰੀ ਗੱਲ ਨਹੀਂ ਹੈ।ਪਰ ਉਨ੍ਹਾਂ ਆਖਿਆ ਕਿ ਸਿਟੀ ਪਹਿਲਾਂ ਵਾਲੀਆਂ ਵੇਵਜ਼ ਨਾਲੋਂ ਇਸ ਵਾਰੀ ਕੋਵਿਡ-19 ਦੇ ਮਾਮਲਿਆਂ ਨੂੰ ਠੱਲ੍ਹ ਪਾਉਣ ਲਈ ਬਿਹਤਰ ਢੰਗ ਨਾਲ ਤਿਆਰ ਹੈ।ਡੀ ਵਿੱਲਾ ਨੇ ਆਖਿਆ ਕਿ ਵੈਕਸੀਨਜ਼, ਐਂਟੀ ਵਾਇਰਲ ਇਲਾਜ ਤੇ ਮਾਸਕਸ ਆਦਿ ਅਜਿਹੇ ਸੰਦ ਹਨ ਜਿਨ੍ਹਾਂ ਦੀ ਮਦਦ ਨਾਲ ਟੋਰਾਂਟੋ ਤਾਜ਼ਾ ਵੇਵ ਵਿੱਚੋਂ ਬਾਹਰ ਨਿਕਲ ਸਕਦਾ ਹੈ। ਉਨ੍ਹਾਂ ਸਾਰੇ ਟੋਰਾਂਟੋ ਵਾਸੀਆਂ ਨੂੰ ਇੰਡੋਰ ਵਿੱਚ ਮਾਸਕ ਪਾ ਕੇ ਰੱਖਣ ਤੇ ਕਿਸੇ ਦੇ ਨੇੜਲੇ ਸੰਪਰਕ ਵਿੱਚ ਆਉਣ ਸਮੇਂ ਮਾਸਕ ਪਾ ਕੇ ਰੱਖਣ ਦੀ ਗੁਜ਼ਾਰਿਸ਼ ਕੀਤੀ।ਇਸ ਦੌਰਾਨ ਟੋਰੀ ਤੇ ਵਿੱਲਾ ਨੇ ਕੋਵਿਡ-19 ਵੈਕਸੀਨ ਦੀ ਤੀਜੀ ਡੋਜ਼ ਲਵਾਉਣ ਲਈ ਤਿਆਰੀ ਕਰਨ ਦਾ ਐਲਾਨ ਕੀਤਾ।

## ਅਕਾਲੀ ਦਲ ਵੱਲੋਂ ਮੰਗ: ਸੂਬਾਈ ਮਾਮਲਿਆਂ ਵਿੱਚ ਕੇਂਦਰ ਦਾ ਦਖਲ ਰੋਕਣ ਲਈ ਭਗਵੰਤ ਮਾਨ ਸਰਬ ਪਾਰਟੀ ਮੀਟਿੰਗ ਸੱਦਣ

ਚੰਡੀਗੜ੍ਹ, 4 ਅਪਰੈਲ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਹੈ ਕਿ ਉਹ ਸਰਬ ਪਾਰਟੀ ਮੀਟਿੰਗ ਸੱਦਣ ਤਾਂ ਜੋ ਕੇਂਦਰ ਦੀ ਸਰਕਾਰ ਵੱਲੋਂ ਰਾਜ ਦੇ ਮਾਮਲਿਆਂ ਵਿ-ਚਦਿੱਤੇ ਜਾਂਦੇ ਬੇਲੋੜੇ ਦਖਲਦਾ ਠੋਕਵਾਂ ਜਵਾਬ ਦਿੱਤਾ ਜਾ ਸਕੇ ਤੇ ਹਰਿਆਣਾ ਦੇ ਇਸ਼ਾਰੇ ਉੱਤੇ ਪੰਜਾਬ ਤੋਂ ਇਸ ਦਾ ਦਰਿਆਈ ਪਾਣੀ ਤੇ ਜ਼ਮੀਨ ਖੋਹਣ ਲਈ ਰਚੀਆਂ ਜਾ ਰਹੀਆਂ ਸਾਜ਼ਿਸ਼ਾਂ ਖਿਲਾਫ ਇਕਜੁੱਟ ਸਟੈਂਡ ਲਿਆ ਜਾ ਸਕੇ।

ਸਾਬਕਾ ਪਾਰਲੀਮੈਂਟ ਮੈਂਬਰ ਤੇ ਸੀਨੀਅਰ ਅਕਾਲੀ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਅੱਜ ਇਥੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਇਕੱਠਾ ਮੋਰਚਾ ਬਣਾਉਣ ਦੀ ਨਾਕਾਮੀ ਅੱਜ ਦੇ ਮਾੜੇ ਹਾਲਾਤ ਲਈ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ



ਸਰਕਾਰ ਨੇ ਜਦੋਂ ਪੰਜਾਬ ਤੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚ ਇਸ ਦੀ ਸਥਾਈ ਮੈਂਬਰੀ ਖੋਹੀ ਤਾਂ ਮੁੱਖ ਮੰਤਰੀ ਭਗਵੰਤ ਮਾਨ ਓਦੋਂ ਪ੍ਰਧਾਨ ਮੰਤਰੀ ਨਰਿੰ-ਦਰ ਮੋਦੀ ਨਾਲ ਮੀਟਿੰਗਮੌਕੇ ਇਸ ਦਾ ਜ਼ੋਰਦਾਰ ਵਿਰੋਧ ਨਹੀਂ ਕਰ ਸਕੇ, ਜਿਸ ਨਾਲ ਕੇਂਦਰ ਦੇ ਹੌਸਲੇ ਖੁੱਲ੍ਹ ਗਏ ਸਨਅਤੇ ਉਸ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਮੁਲਾਜ਼ਮਾਂ ਲਈ ਕੇਂਦਰੀ ਸੇਵਾਵਾਂ ਨਿਯਮ ਲਾਗੂ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ।

ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਇਹਗੱਲ ਹੋਣ ਤੋਂ ਦੋ ਦਿਨ ਬਾਅਦ ਆਪਣੀ ਪ੍ਰਤੀਕਿਰਿਆ ਟਵੀਟ ਕਰ ਕੇ ਦਿੱਤੀ, ਜਦਕਿ ਇਸ ਬਾਰੇ ਸੱਦੇ ਗਏ ਵਿਧਾਨ ਸਭਾ ਵਿਸ਼ੇਸ਼ ਸੈਸ਼ਨਦਾ ਵੀ ਲਾਭ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਇਸ ਵਕਤ ਸੋਧਾਂ ਕਰਨ ਲਈ ਬਹੁਤ ਦੇਰ ਹੋ ਗਈ ਹੈਅਤੇ ਜਿਵੇਂ ਭਾਜਪਾ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਕਮਜ਼ੋਰੀ ਦਾ ਲਾਭ ਲੈ ਰਹੀ ਹੈ, ਉਵੇਂ ਪੰਜਾਬ ਨੂੰ ਵੀ ਖੂੰਜੇ ਲਾ ਰਹੀ ਹੈ।ਉਨ੍ਹਾਂ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਬੇਤੁਕੀ ਬਿਆਨਬਾਜ਼ੀ ਕਰਦੇ ਹਨ, ਜਿਸ ਦਾ ਕੋਈ ਤਰਕ ਨਹੀਂ, ਕਿਉਂਕਿ ਸਾਰੇ ਕਮਿਸ਼ਨ ਸਪੱਸ਼ਟ ਕਰ ਚੁੱਕੇ ਹਨ ਕਿ ਪੰਜਾਬ ਵਿੱਚ ਇਸ ਵਕਤਕੋਈ ਹਿੰਦੀ ਬੋਲਦੇ ਇਲਾਕੇ ਨਹੀਂ ਰਹੇ, ਜਿਹੜੇ ਹਰਿਆਣਾ ਵਿੱਚ ਸ਼ਾਮਲ ਕੀਤੇ ਜਾਣ, ਖੱਟੜ ਐਵੇਂ ਪੰਜਾਬ ਉੱਤੇ ਦਬਾਅ ਬਣਾਉਣ ਤੇ ਚੰਡੀਗੜ੍ਹ ਵੰਡਣ ਲਈ ਬਿਆਨਬਾਜ਼ੀ ਕਰਦੇ ਹਨ। ਇਸ ਮੌਕੇ ਪ੍ਰੋ. ਚੰਦੂਮਾਜਰਾ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਨੂੰ ਕਿਹਾ ਹੈ ਕਿ ਉਹ ਇਸ ਮੁੱਦੇ ਉੱਤੇ ਸਟੈਂਡ ਸਪੱਸ਼ਟ ਕਰੇ, ਕਿਉਂਕਿ ਇਸ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਦਰਿਆਵਾਂ ਦੇ ਪਾਣੀਆਂ ਸਣੇ ਪੰਜਾਬ ਦੇ ਮੁੱਦਿਆਂ ਬਾਰੇ ਦੋਗਲੇ ਮਿਆਰ ਵਰਤਦੀ ਹੈ, ਜਿਸ ਨਾਲ ਹਰਿਆਣਾ ਦੇ ਮੁੱਖ ਮੰਤਰੀ ਦਾ ਹੌਸਲਾ ਵਧ ਗਿਆ ਅਤੇ ਉਹ ਚੰਡੀਗੜ੍ਹ ਪੰਜਾਬ ਨੂੰ ਦੇਣ ਲਈ ਸ਼ਰਤਾਂ ਰੱਖਣ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਸਪੱਸ਼ਟ ਕਰੇ ਕਿ ਉਹ ਦਰਿਆਈ ਪਾਣੀਆਂ ਦੇ ਮਾਮਲੇ ਉੱਤੇ ਪੰਜਾਬ ਨਾਲ ਹੈ ਜਾਂ ਫਿਰ ਕੇਜਰੀਵਾਲ ਦੇ ਨਾਲ ਹੈ।

## ਕਤੂਰਿਆਂ ਦੀ ਲੜਾਈ ਵਿੱਚ ਬਜ਼ੁਰਗ ਦੀ ਮੌਤ, ਦੋ ਜ਼ਖਮੀ

ਜ਼ੀਰਾ, 4 ਅਪ੍ਰੈਲ (ਪੋਸਟ ਬਿਊਰੋ)- ਕੱਲ੍ਹ ਰਾਤ ਜ਼ੀਰਾ ਬਲਾਕ ਦੇ ਪਿੰਡ ਮਨਸੂਰਵਾਲ ਕਲਾਂ ਵਿਖੇ ਕਤੂਰਿਆਂ ਤੋਂ ਹੋਏ ਲੜਾਈ-ਝਗੜੇ ਕਾਰਨ ਤਿੰਨ ਵਿਅਕਤੀ ਗੰਭੀਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਸਿਵਲ ਹਸਪਤਾਲ ਜ਼ੀਰਾ ਲਿਆਂਦਾ ਗਿਆ, ਜਿੱਥੇ ਇੱਕ ਬਜ਼ੁਰਗ ਦੀ ਮੌਤ ਹੋ ਗਈ।ਇਸ ਬਾਰੇ ਪੁਲਸ ਕਾਰਵਾਈ ਕਰ ਰਹੀ ਹੈ।

ਸਿਵਲ ਹਸਪਤਾਲ ਵਿਖੇ ਮ੍ਰਿਤਕ ਦੇ ਭਤੀਜੇ ਜ਼ੇਰੇ ਇਲਾਜਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦੇ ਅਪਾਹਜ ਚਾਚੇ ਜਸਵੀਰ ਸਿੰਘ ਨੇ ਆਪਣੇ ਘਰ ਕੁੱਤੀ ਰੱਖੀ ਸੀ, ਜਿਸ ਦੇਕਤੂਰੇ ਪਿੰਡ ਦੇ ਇੱਕ ਪਰਵਾਰ ਦੇ ਬੱਚੇ ਆਪਣੇ ਘਰ ਲੈ ਗਏ ਅਤੇ ਜਦੋਂ ਉਸ ਦਾ ਚਾਚਾ ਜਸਵੀਰ ਸਿੰਘ ਬੀਤੀ ਰਾਤ ਕਤੂਰਾ ਵਾਪਸ ਲੈਣ ਦੂਜੀ ਧਿਰ ਦੇ ਘਰ ਗਿਆ ਤਾਂ ਇਨ੍ਹਾਂ ਦੀ ਤਕਰਾਰ ਹੋ ਗਈ, ਜਿਸ ਕਾਰਨ ਉਨ੍ਹਾਂ ਨੇ ਜਸਵੀਰ ਸਿੰਘ ਉੱਤੇ ਹਮਲਾ ਕਰ ਦਿੱਤਾ ਤੇ ਉਹ ਗੰਭੀਰ ਜ਼ਖਮੀ ਹੋ ਗਿਆ। ਪਿੱਛੋਂ ਉਸ ਦੀ ਮੌਤ ਹੋ ਗਈ। ਇਸ ਦੌਰਾਨ ਦੂਜੀ ਧਿਰ ਦਾ ਵੀ ਇੱਕ ਵਿਅਕਤੀ ਜ਼ਖਮੀ ਹੋ ਗਿਆ।ਮ੍ਰਿਤਕ ਜਸਵੀਰ ਸਿੰਘ ਦੇ ਲੜਕੇ ਕੁਲਦੀਪ ਸਿੰਘ ਦੇ ਬਿਆਨਾਂ ਦੇ ਆਧਾਰ ਉੱਤੇ ਦੋਸ਼ੀਆਂ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ।

IMMIGRATION SERVICES
INCLUDE
Express Entry
Visitor Visa | Super Visa
Work Permit
Study Permit
Spousal Sponsorship
PNP Nominations
LMIA
WE SPECIALIZE IN HUMANITARIAN AND COMPASSIONATE APPLICATIONS
DRAKE IMMIGRATION SOLUTIONS
AUTHORIZED AGENT FOR MITT
MANITOBA INSTITUTE OF TRADES & TECHNOLOGY
(204) 558-9750
www.drakeimmigration.ca
Toronto Office: 98 Gallucci Cres Brampton, ON L6P 1R7
Winnipeg Office: Centro Caboto Centre 128-1055 Wilkes Ave, Winnipeg, MB R3P 2L7

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

## ਅੱਜ ਨਾਮਾ

ਜੀਣ ਸ਼ਹਿਰ ਦਾ ਹੁੰਦਾ ਹੈ ਜੀਣ ਕਾਹਦਾ,
ਸਾਰਾ ਦਿਨ ਬੱਸ ਲੱਗੀ ਰਹੇ ਦੌੜ ਮੀਆਂ।
ਹਰ ਕੋਈ ਏਦਾਂ ਦੀ ਦੌੜ ਹੈ ਲਾਈ ਜਾਂਦਾ,
ਹੋ ਰਿਹਾ ਕੰਮ ਜਿਉਂ ਜਾਪਦਾ ਚੌੜ ਮੀਆਂ।
ਜਾਂ ਫਿਰ ਭੱਜ ਰਹੇ ਲੋਕ ਆ ਕਿਸੇ ਪਾਸੇ,
ਲੱਗਣੀ ਜਾਪਦੀ ਜਿਵੇਂ ਕੁਝ ਔੜ ਮੀਆਂ।
ਹਰ ਕੋਈ ਹੋਰਾਂ ਤੋਂ ਜਾਣ ਨੂੰ ਫਿਰੇ ਮੂਹਰੇ,
ਏਸੇ ਚੱਕਰ ਵਿੱਚ ਵਧੇ ਪਈ ਕੌੜ ਮੀਆਂ।
ਦਿੱਸਿਆ ਮਾਸਾ ਠਰ੍ਹੰਮਾ ਨਹੀਂ ਕਿਸੇ ਪਾਸੇ,
ਮਾਰਾ-ਮਾਰੀ ਲਈ ਗਰਮ ਬਾਜ਼ਾਰ ਮੀਆਂ।
ਨਾ ਹੀ ਲੋਕਾਂ ਨੂੰ ਰਤਾ ਹੈ ਸਮਝ ਆਉਂਦੀ,
ਨਹੀਂ ਕੁਝ ਸੋਚਦੀ ਕਦੀ ਸਰਕਾਰ ਮੀਆਂ।

**ਤੀਸ ਮਾਰ ਖਾਂ**

# ਹਰਿਆਣਾ ਦੀ ਸਿਆਸਤ ਵਿੱਚ ਧਮਾਕਾ: ਸਾਬਕਾ ਮੈਂਬਰ ਪਾਰਲੀਮੈਂਟ ਅਸ਼ੋਕ ਤੰਵਰ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ

ਨਵੀਂ ਦਿੱਲੀ, 4 ਅਪਰੈਲ, (ਪੋਸਟ ਬਿਊਰੋ)- ਹਰਿਆਣਾ ਕਾਂਗਰਸ ਦੇ ਸਾਬਕਾ ਪ੍ਰਦੇਸ਼ ਪ੍ਰਧਾਨ ਤੇ ਤ੍ਰਿਣਮੂਲ ਕਾਂਗਰਸ ਦੇ ਨੇਤਾ ਅਸ਼ੋਕ ਤੰਵਰ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਕੇ ਹਰਿਆਣਾ ਦੀ ਸਿਆਸਤ ਵਿੱਚ ਵੱਡਾ ਧਮਾਕਾ ਕੀਤਾ ਹੈ। ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਖ਼ੁਦ ਆਪਣੀ ਰਿਹਾਇਸ਼ ਉੱਤੇ ਤੰਵਰ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ। ਤੰਵਰ ਦੇ ਨਾਲ ਗੁਰਮੇਜ ਸਿੰਘ ਨੇ ਵੀ ਆਮ ਆਦਮੀ ਪਾਰਟੀ ਪਾਰਟੀ ਦੀ ਮੈਂਬਰੀ ਲੈ ਕੇ ਹਰਿਆਣਾ ਦੀਆਂ ਹੋਰ ਪਾਰਟੀਆਂ ਦੇ ਪਰੇਸ਼ਾਨੀ ਵਧਾਉਣ ਦਾ ਕੰਮ ਕੀਤਾ ਹੈ।

ਆਮ ਆਦਮੀ ਪਾਰਟੀ ਦੇ ਅਧਿਕਾਰਤ ਟਵਿੱਟਰ ਹੈਂਡਲ ਉੱਤੇਅਸ਼ੋਕ ਤੰਵਰ ਦੇ ਇਸ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰਦੇ ਹੋਏ ਟਵੀਟ ਕੀਤਾ ਗਿਆ ਹੈ, ''ਹਰਿਆਣਾ ਵਿੱਚ ਵੀ ਹੋਵੇਗੀ 'ਕੰਮ ਦੀ ਰਾਜਨੀਤੀ।'' ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਤੋਂ ਉਤਸ਼ਾਹਿਤ ਆਮ ਆਦਮੀ ਪਾਰਟੀ ਗੁਆਂਢੀ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਰਗੇ ਰਾਜਾਂ ਵਿੱਚ ਆਪਣਾ ਵਿਸਥਾਰ ਕਰਨ ਦੀ ਦਿਸ਼ਾ ਵਿੱਚ ਕੰਮ ਕਰ ਰਹੀ ਹੈ।



ਵਰਨਣ ਯੋਗ ਹੈ ਕਿ ਅਸ਼ੋਕ ਤੰਵਰ 2009 ਤੋਂ 2014 ਤੱਕ ਸਿਰਸਾ ਤੋਂ ਪਾਰਲੀਮੈਂਟ ਮੈਂਬਰ ਰਹੇ ਸਨ ਤੇ ਫਿਰ ਹਰਿਆਣਾ ਵਿਧਾਨ ਸਭਾ ਦੀਆਂ 2019ਚੋਣਾਂ ਵਿੱਚ ਪਾਰਟੀ ਟਿਕਟਾਂ ਵੰਡਣ ਤੋਂ ਉਨ੍ਹਾਂ ਦੀ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨਾਲ ਗਰਮਾ-ਗਰਮੀ ਪਿੱਛੋਂ ਤੰਵਰ ਨੇ ਹਰਿਆਣਾ ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਤੋਂ ਅਸਤੀਫਾ ਦੇ ਕੇ ਪਾਰਟੀ ਵੀ ਛੱਡ ਦਿੱਤੀ ਸੀ। ਬਾਅਦ ਵਿੱਚ ਅਸ਼ੋਕ ਤੰਵਰ ਨੇ 'ਆਪਣਾ ਮੋਰਚਾ' ਨਾਂ ਦੀ ਪਾਰਟੀ ਬਣਾਈ, ਪਰ ਪਿਛਲੇ ਸਾਲ ਉਹ ਤ੍ਰਿਣਮੂਲ ਕਾਂਗਰਸ ਦੀ ਮੁਖੀ ਤੇ ਪੱਛਮੀ ਬੰਗਾਲ ਦੀ ਮੁੱਖ ਮਤੰਰੀ ਮਮਤਾ ਬੈਨਰਜੀ ਦੇ ਕਹੇ ਉਸ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। ਅੱਜ ਉਨ੍ਹਾਂ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ ਹੈ।

# ਪੰਜਾਬ ਸਰਕਾਰ ਦਾ ਵੱਡਾ ਕਦਮ: ਪਿਛਲੇ ਦਸ ਸਾਲਾਂ ਦੌਰਾਨ ਦਰਜ ਹੋਏ ਝੂਠੇ ਕੇਸ ਰੱਦ ਹੋਣਗੇ

ਚੰਡੀਗੜ੍ਹ, 4 ਅਪਰੈਲ, (ਪੋਸਟ ਬਿਊਰੋ)- ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਭਗਵੰਤ ਮਾਨ ਦੀ ਅਗਵਾਈ ਹੇਠ ਬਣੀ ਸਰਕਾਰ ਨੇ ਇਕ ਹੋਰ ਵੱਡਾ ਫੈਸਲਾ ਲੈ ਲਿਆ ਹੈ। ਸਰਕਾਰ ਪਿਛਲੇ ਦਸ ਸਾਲਾਂ ਦੌਰਾਨ ਦਰਜ ਹੋਏ ਝੂਠੇ ਰੱਦ ਕਰੇਗੀ ਅਤੇ ਇਸ ਲਈ ਹਰ ਜਿਲ੍ਹੇ ਵਿਚ ਕਮੇਟੀਆਂ ਬਣਾਈਆਂ ਜਾਣਗੀਆਂ।

ਇਸ ਸਬੰਧ ਵਿੱਚ ਜਾਣਕਾਰੀ ਪੰਜਾਬ ਦੇ ਸਿੱਖਿਆ ਮੰਤਰੀ ਮੀਤ ਹੇਅਰ ਨੇ ਟਵੀਟ ਕਰਕੇ ਸਾਂਝੀ ਕੀਤੀ ਹੈ। ਉਨ੍ਹਾਂ ਨੇ ਆਪਣੀ ਪੋਸਟ ਵਿਚ ਲਿਖਿਆ ਹੈ ਕਿ ਝੂਠੇ ਕੇਸ ਦਰਜ ਕਰਾਉਣ ਵਾਲਿਆਂ ਦੀ ਖੈਰ ਨਹੀਂ,ਪੰਜਾਬ ਦੀ ਨਵੀਂ ਸਰਕਾਰ ਨੇ ਪਿਛਲੇ ਦਸ ਸਾਲਾਂ ਦੌਰਾਨ ਦਰਜ ਹੋਏ ਝੂਠੇ ਪਰਚੇ ਰੱਦ ਕਰਨ ਦਾ ਫੈਸਲਾ ਕੀਤਾ ਹੈ।

ਵਰਨਣ ਯੋਗ ਹੈ ਕਿ ਪੰਜਾਬ ਵਿਚ ਸਿਆਸੀ ਬਦਲਾਖੋਰੀ ਹੇਠ ਕੇਸ ਦਰਜ ਹੋਣ ਦਾ ਮਾਮਲਾ ਭਖਿਆ ਹੋਇਆ ਹੈ। ਅਕਾਲੀ-ਭਾਜਪਾ ਸਰਕਾਰ ਸਮੇਂ ਕਾਂਗਰਸੀਆਂ ਉਤੇ ਕੇਸ ਹੋਣ ਦੇ ਦੋਸ਼ ਲੱਗਦੇ ਸਨ। ਇਸ ਕਰ ਕੇ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸੀ ਸਰਕਾਰ ਨੇ ਇੱਕ ਕਮਿਸ਼ਨ ਬਣਾਇਆ ਸੀ, ਜਿਸ ਦੀ ਸਿਫਾਰਸ਼ ਉਤੇ ਵੱਡੀ ਗਿਣਤੀ ਕੇਸ ਰੱਦ ਕਰ ਦਿੱਤੇ ਗਏ ਸਨ।ਇਸ ਦੇ ਬਾਅਦ ਕਾਂਗਰਸ ਦੀ ਸਰਕਾਰ ਸਮੇਂ ਵੀ ਵਿਰੋਧੀ ਧਿਰਾਂ ਨੇ ਝੂਠੇ ਪਰਚੇ ਦਰਜ ਕਰਦੇ ਜਾਣ ਦਾ ਦੋਸ਼ ਲਾਇਆ ਸੀ। ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਉਤੇ ਝੂਠੇ ਕੇਸ ਰੱਦ ਕਰਨ ਦਾ ਵਾਅਦਾ ਕੀਤਾ ਗਿਆ ਸੀ।ਇਹ ਕੰਮ ਸਿਰੇ ਚਾੜ੍ਹਨ ਦੇ ਲਈ ਹਰ ਜਿਲ੍ਹੇ ਵਿਚ ਕਮੇਟੀਆਂ ਬਣਾਈਆਂ ਜਾਣਗੀਆਂ।

# ਨਵਜੋਤ ਸਿੱਧੂ ਨੇ ਕਿਹਾ: ਪੰਜਾਬ ਵਿੱਚ ਅਰਾਜਕਤਾ ਤੇ ਜੰਗਲ ਦਾ ਰਾਜ ਬਣਿਆ ਪਿਐ

***ਕਤਲ ਹੋਏ ਕਾਂਗਰਸੀ ਵਰਕਰ ਦੇ ਵਾਰਸਾਂ ਨੂੰ ਦਿਲਾਸਾ ਦੇਣ ਗਏ**

ਲੁਧਿਆਣਾ, 4 ਅਪਰੈਲ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਵਿੱਚ ਕਾਨੂੰਨ ਵਿਵਸਥਾ ਬਾਰੇ ਇਕ ਵਾਰ ਫਿਰਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਉੱਤੇਸਿੱਧਾ ਨਿਸ਼ਾਨਾ ਸਾਧਿਆ ਤੇ ਕਿਹਾ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਸਭ ਤੋਂ ਮਾੜੀ ਹੈ, ਏਥੇ ਅਰਾਜਕਤਾ ਹੈ ਤੇ ਕਿਸੇ ਨੂੰ ਕਾਨੂੰਨ ਦਾ ਡਰ ਨਹੀਂ, ਜੰਗਲ ਦਾ ਰਾਜ ਹੈ। ਪਿਛਲੇ ਦਿਨੀਂ ਕਾਂਗਰਸੀ ਵਰਕਰ ਮੰਗਤ ਰਾਮ ਦੇ ਕਤਲ ਮਗਰੋਂ ਉਸ ਦੇ ਰਿਸ਼ਤੇਦਾਰਾਂ ਨੂੰ ਦਿਲਾਸਾ ਦੇਣ ਲਈ ਨਵਜੋਤ ਸਿੰਘਸਿੱਧੂਅੱਜ ਲੁਧਿਆਣਾ ਪੁੱਜੇ ਸਨ।



ਇਸ ਮੌਕੇ ਇੱਕ ਟਵੀਟ ਵਿੱਚ ਇਸ ਘਟਨਾ ਦੀ ਵੀਡੀਓ ਪੋਸਟ ਕਰਦੇ ਹੋਏ ਨਵਜੋਤ ਸਿੰਘ ਸਿੱਧੂ ਨੇ ਲਿਖਿਆ ਕਿ ਉਹ ਲੁਧਿਆਣਾ ਵਿੱਚ ਮੰਗਤ ਰਾਮ ਦੇ ਪਰਿਵਾਰ ਨੂੰ ਮਿਲੇ ਹਨ, ਉਸ ਨੂੰ ਘਰ ਅੱਗੇ ਬੇਰਹਿਮੀ ਨਾਲ ਕਤਲ ਕੀਤਾ ਗਿਆ ਹੈ। ਪੰਜਾਬ ਵਿੱਚ ਲਗਾਤਾਰ ਸਿਆਸੀ ਕਤਲ ਹੋ ਰਹੇ ਹਨ। ਜਦੋਂ ਤੱਕ ਸਾਨੂੰ ਇਨਸਾਫ਼ ਨਾ ਮਿਲੇਗਾ, ਅਸੀਂ ਆਰਾਮ ਨਹੀਂ ਕਰਾਂਗੇ।ਉਨ੍ਹਾ ਲਿਖਿਆ ਕਿ ਪੰਜਾਬ ਵਿੱਚ ਅਮਨ ਕਾਨੂੰਨ ਦਾ ਹਾਲ ਸਭ ਤੋਂ ਮਾੜਾ ਹੈ। ਫਗਵਾੜਾਦੇ ਇਕ ਵਿਅਕਤੀ ਨੂੰ ਗੋਲੀ ਮਾਰੀ ਗਈ ਤੇ ਗੁਰਦਾਸਪੁਰ ਵਿੱਚ 5 ਲੋਕਾਂ ਦਾ ਕਤਲ ਕਰ ਦਿੱਤਾ ਗਿਆ ਹੈ।ਵਰਨਣ ਯੋਗ ਹੈ ਕਿ ਐਤਵਾਰ ਟਿੱਬਾ ਰੋਡ ਉੱਤੇ ਸੁਤੰਤਰ ਨਗਰ ਇਲਾਕੇ ਵਿੱਚ ਗਲੀ ਵਿੱਚ ਦੋਸਤ ਨਾਲ ਬੈਠੇ ਕਾਂਗਰਸ ਦੇ ਵਾਰਡ ਪ੍ਰਧਾਨ ਮੰਗਤ ਰਾਮ (54) ਉੱਤੇ ਹਥਿਆਰਬੰਦ ਅੱਧੀ ਦਰਜਨ ਅਕਾਲੀ-ਪੱਖੀਆਂ ਨੇ ਹਮਲਾ ਕੀਤਾ ਤੇ ਵਾਰਦਾਤ ਮਗਰੋਂ ਧਮਕੀਆਂ ਦਿੰਦੇ ਚਲੇ ਗਏ। ਮੰਗਤ ਰਾਮ ਨੂੰ ਲੋਕਾਂ ਨੇ ਸੀਐਮਸੀ ਹਸਪਤਾਲ ਪੁਚਾਇਆ ਤਾਂ ਡਾਕਟਰਾਂ ਨੇ ਮ੍ਰਿਤਕ ਐਲਾਨ ਕਰ ਦਿੱਤਾ ਸੀ।

ਪੰਜਾਬ ਕਾਂਗਰਸ ਪ੍ਰਧਾਨ ਦੇ ਅਹੁਦੇ ਬਾਰੇ ਖਿੱਚੋਤਾਣ ਤੋਂ ਬਾਅਦ ਪਿਛਲੇ ਕੁਝ ਦਿਨਾਂ ਤੋਂ ਕਾਂਗਰਸ ਵਰਕਰਾਂ ਨਾਲ ਹੋ ਰਹੀਆਂ ਘਟਨਾਵਾਂ ਨੂੰ ਨਵਜੋਤ ਸਿੰਘ ਸਿੱਧੂ ਵੱਲੋਂ ਇੰਟਰਨੈੱਟ ਮੀਡੀਆ ਉੱਤੇ ਲਗਾਤਾਰ ਚੁੱਕਿਆ ਜਾ ਰਿਹਾ ਹੈ।ਪਿੱਛੇ ਜਿਹੇ ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਜ਼ੀਰਾ ਦੇ ਪਿੰਡ ਕੱਸੂਆਣਾ ਵਿੱਚ ਕਾਂਗਰਸੀ ਵਰਕਰ ਇਕਬਾਲ ਸਿੰਘ ਉੱਤੇ ਆਮ ਆਦਮੀ ਪਾਰਟੀ ਵਰਕਰਾਂ ਨੇ ਹਮਲਾ ਕੀਤਾ ਸੀ, ਜਿਸ ਵਿਚ ਇਕਬਾਲ ਦੀ ਮੌਤ ਹੋ ਗਈ ਅਤੇਨਵਜੋਤ ਸਿੰਘ ਸਿੱਧੂ ਨੇ ਇਕਬਾਲ ਦੇ ਪਰਿਵਾਰ ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਦਿਲਾਸਾ ਦਿੱਤਾ ਸੀ।

# ਬਠਿੰਡਾ ਦੇ ਇੱਕ ਡੇਰੇ ਵਿੱਚ ਐੱਸ ਸੀ ਭਾਈਚਾਰੇ ਨਾਲ ਨਾ-ਬਰਾਬਰੀ ਦਾ ਦੋਸ਼

ਫਤਹਿਗੜ੍ਹ ਸਾਹਿਬ, 4 ਅਪਰੈਲ, (ਪੋਸਟ ਬਿਊਰੋ)- ਬਠਿੰਡਾ ਜ਼ਿਲ੍ਹੇ ਦੇ ਇੱਕ ਡੇਰੇ ਵਿੱਚ ਰੰਘਰੇਟੇ ਸਿੱਖਾਂ (ਅਨੁਸੂਚਿਤ ਜਾਤੀ ਵਾਲਿਆਂ) ਨੂੰ ਲੰਗਰ ਵਿਚ ਬਰਾਬਰੀ ਨਹੀਂ ਮਿਲਦੀ, ਉਨ੍ਹਾਂ ਨੂੰ ਵੱਖ ਬਿਠਾਇਆ ਜਾਂਦਾ ਹੈ। ਇਹ ਪ੍ਰਗਟਾਵਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੇਵਾ-ਮੁਕਤ ਜੱਜ ਜਸਟਿਸ ਨਿਰਮਲ ਸਿੰਘ ਨੇ ਕੀਤਾ ਅਤੇ ਉਨ੍ਹਾਂ ਇਸ ਸੰਬੰਧ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਇੱਕ ਪੱਤਰ ਵੀ ਲਿਖਿਆ ਹੈ।

ਹਾਈ ਕੋਰਟ ਦੇ ਸਾਬਕਾ ਜੱਜ ਅਤੇ ਵਿਧਾਨ ਸਭਾ ਹਲਕਾ ਬਸੀ ਪਠਾਣਾਂ ਦੇ ਸਾਬਕਾ ਵਿਧਾਇਕ ਜਸਟਿਸ ਨਿਰਮਲ ਸਿੰਘ ਨੇਪੰਜਾਬ ਵਿਚਲੇ ਕੁਝ ਡੇਰਿਆਂ ਵਿੱਚ ਹੁੰਦੇ ਛੂਆ ਛਾਤ ਤੇ ਵਿਤਕਰੇ ਬਾਰੇ ਅਕਾਲ ਤਖ਼ਤ ਸਾਹਿਬ ਨੂੰ ਪੱਤਰ ਲਿਖ ਕੇ ਇਸ ਦੀ ਗੰਭੀਰਤਾ ਨਾਲ ਜਾਂਚ ਲਈ ਮੰਗ ਕੀਤੀ ਹੈ। ਉਨ੍ਹਾਂ ਨੇ ਲਿਖਿਆ ਹੈ ਕਿ ਸਿੱਖਗੁਰੂ ਸਾਹਿਬਾਨ ਨੇ ਹਰ ਤਰ੍ਹਾਂ ਦੇ ਵਿਤਕਰੇ ਨਕਾਰ ਕੇ ਹਰ ਮਨੁੱਖ ਨੂੰ ਰੱਬ ਦਾ ਰੂਪ ਮੰਨਿਆ ਅਤੇ ਮਾਨਸ ਕੀ ਜਾਤ ਸਭੈ ਏਕ ਪਹਿਚਾਨਬੋ ਦਾ ਸੰਦੇਸ਼ ਦਿੱਤਾ ਸੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਗੁਰੂ ਘਰ ਜੋ ਵੀ ਆਇਆ, ਉਸ ਨੂੰ ਭਾਈਚਾਰਕ ਤੇ ਬਰਾਬਰੀ ਦੀ ਸਾਂਝ ਮਿਲਦੀ ਰਹੀ ਸੀ, ਪ੍ਰੰਤੂ ਪਿਛਲੇ ਕੁਝ ਸਾਲਾਂ ਤੋਂ ਸਿੱਖ ਧਰਮ ਵਿੱਚ ਜਾਤੀਵਾਦ ਤੇ ਛੂਆ ਛਾਤ ਦਿਨੋ ਦਿਨ ਵਧ ਰਹੀ ਹੈ। ਉਨ੍ਹਾਂ ਨੇ ਇਸ ਛੂਆ ਛਾਤ ਦੇ ਵਧਣ ਵਿੱਚ ਡੇਰਿਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਬਾਦਲ ਦਾ ਬਹੁਤ ਵੱਡਾ ਹੱਥ ਹੋਣ ਦਾ ਦੋਸ਼ ਲਾਇਆ ਹੈ।

ਸਾਬਕਾ ਵਿਧਾਇਕ ਜਸਟਿਸ ਨਿਰਮਲ ਸਿੰਘ ਨੇ ਲਿਖਿਆ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਨ ਕਿ ਬਠਿੰਡਾ ਜ਼ਿਲ੍ਹੇ ਦੇ ਇੱਕ ਡੇਰੇ ਵਿੱਚ ਰੰਘਰੇਟਿਆਂ (ਅਨੁਸੂਚਿਤ ਜਾਤੀ ਦੇ ਸਿੱਖਾਂ) ਨੂੰ ਲੰਗਰ ਵਿਚ ਬਰਾਬਰੀ ਨਹੀਂ ਮਿਲਦੀ, ਉਨ੍ਹਾਂ ਨੂੰ ਵੱਖਰੇ ਬਿਠਾਇਆ ਜਾਂਦਾ ਤੇ ਉਨ੍ਹਾਂ ਦੇ ਬਰਤਨ ਵੀ ਵੱਖਰੇ ਰੱਖੇ ਜਾਂਦੇ ਹਨ। ਇਹ ਅਤਿ ਗੰਭੀਰ ਮਸਲਾ ਪੰਜਾਬ ਵਿਧਾਨ ਸਭਾ ਦੇ ਰਿਕ-ਾਰਡ ਵਿੱਚ ਦਰਜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹੋਰ ਵੀ ਡੇਰਿਆਂ ਵਿੱਚ ਇਹ ਪ੍ਰਥਾ ਹੈ, ਜਿਸ ਦਾ ਪਤਾ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਪੰਥ ਹਿਤੈਸ਼ੀ ਕਹਾਉਣ ਵਾਲੇ ਆਗੂ ਪਰਿਵਾਰ ਸਮੇਤ ਅਸ਼ੀਰਵਾਦ ਲੈਣ ਜਾਂਦੇ ਹਨ।ਉਨ੍ਹਾ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਵੀ ਰੰਘਰੇਟਿਆਂ ਨਾਲ ਸੰਬੰਧਤ ਨਿਹੰਗ ਸਿੰਘ ਜਥੇਬੰਦੀਆਂ ਦੇ ਨਾਲ ਵਿਤਕਰਾ ਕੀਤਾ ਜਾਂਦਾ ਹੈ, ਜਿਸ ਦੀ ਮਿਸਾਲ ਨਿਹੰਗ ਸਿੰਘ ਜਥੇਬੰਦੀਆਂ ਵਿੱਚ ਰੰਘਰੇਟਿਆਂ ਲਈ ਵੱਖਰਾ ਅੰਮ੍ਰਿਤ ਪਾਨ ਬਾਟਾ ਹੋਣ ਤੋਂ ਮਿਲਦੀ ਹੈ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਜਿਸ ਜਾਤ ਪਾਤ ਤੇ ਛੂਆ ਛਾਤ ਨੂੰ ਖ਼ਤਮ ਕਰਕੇ ਖ਼ਾਲਸਾ ਪੰਥ ਦੀ ਨੀਂਹ ਰੱਖੀ ਗਈ, ਅੱਜ ਉਸ ਸੋਚ ਨੂੰ ਤਿਲਾਂਜਲੀ ਦਿੱਤੀ ਜਾ ਰਹੀ ਹੈ ਅਤੇ ਹਿੰਦੂਵਾਦੀ ਪਰੰਪਰਾਵਾਂ ਨੂੰ ਵਧਾਇਆ ਜਾ ਰਿਹਾ ਹੈ। ਉਨ੍ਹਾਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਸ ਮਸਲੇ ਦੇ ਹੱਲ ਲਈ ਇਕ ਗੁਰ ਸਿੱਖ ਕਮੇਟੀ ਬਣਾਉਣ ਦੀ ਅਪੀਲ ਕੀਤੀ ਹੈ, ਜੋ ਪੰਜਾਬ ਦੇ ਸਾਰੇ ਡੇਰਿਆਂ ਦੀ ਜਾਂਚ ਕਰਕੇ ਰਿਪੋਰਟ ਦੇਵੇ ਕਿ ਕਿਹੜੇ ਗੁਰਦੁਆਰਿਆਂ ਵਿੱਚ ਛੂਆ ਛਾਤ ਤੇ ਜਾਤੀਵਾਦ ਚੱਲਦਾ ਹੈ। ਉਨ੍ਹਾਂ ਬੇਨਤੀ ਕੀਤੀ ਹੈ ਕਿ ਕਮੇਟੀ ਦੀ ਰਿਪੋਰਟ ਦੇ ਆਧਾਰ ਉਤੇ ਨਾ ਸਿਰਫ਼ ਅਜਿਹੇ ਡੇਰਿਆਂ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੁਕਵਾਏ ਜਾਣ, ਸਗੋਂ ਇੱਥੇ ਜਾਣ ਵਾਲੇ ਸਿੱਖ ਲੀਡਰਾਂ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕਰਕੇ ਸਿੱਖ ਪਰੰਪਰਾਵਾਂ ਮੁਤਾਬਕ ਯੋਗ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।

*** ਲੰਗਰ ਲਈ ਵੀ ਵੱਖ-ਵੱਖ ਬਿਠਾਇਆ ਜਾਂਦੈ**

# ਗੋਰਖਨਾਥ ਮੰਦਰ ਦੇ ਅਹਾਤੇ ਵਿੱਚ ਹਮਲੇ ਪਿੱਛੇ ਅੱਤਵਾਦੀ ਸਾਜ਼ਿਸ਼ ਦਾ ਸ਼ੱਕ

ਲਖਨਊ, 4 ਅਪਰੈਲ, (ਪੋਸਟ ਬਿਊਰੋ)- ਗੋਰਖਨਾਥ ਮੰਦਰ ਦੇ ਵਿਹੜੇ ਵਿੱਚ ਐਤਵਾਰ ਦੇਰ ਰਾਤ ਦੇ ਹਮਲੇ ਦੀ ਘਟਨਾ ਨੂੰ ਵੀ ਜਾਂਚ ਕਰਤਿਆਂ ਵੱਲੋਂ ਅੱਤਵਾਦੀ ਸਾਜ਼ਿਸ਼ ਮੰਨਿਆ ਜਾ ਰਿਹਾ ਹੈ।

ਉੱਤਰ ਪ੍ਰਦੇਸ਼ ਦੇ ਐਡੀਸ਼ਨਲ ਚੀਫ ਸੈਕਟਰੀ ਹੋਮ ਅਵਨੀਸ਼ ਕੁਮਾਰ ਅਵਸਥੀ ਅਤੇ ਐਡੀਸ਼ਨਲ ਡੀਜੀ ਕਾਨੂੰਨ ਵਿਵਸਥਾ ਪ੍ਰਸ਼ਾਂਤ ਕੁਮਾਰ ਨੇ ਅੱਜ ਸੋਮਵਾਰ ਨੂੰ ਮੀਡੀਆ ਨੂੰ ਦੱਸਿਆ ਕਿ ਬੀਤੀ ਰਾਤ ਗੋਰਖਪੁਰ ਮੰਦਰ ਵਾਲੇ ਇਸ ਕਾਂਡ ਵਿੱਚ ਅੱਤਵਾਦੀ ਸਾਜ਼ਿਸ਼ ਦੀ ਸੰਭਾਵਨਾ ਹੈ। ਇਸ ਮਾਮਲੇ ਦੀ ਜਾਂਚ ਉੱਤਰ ਪ੍ਰਦੇਸ਼ ਐਂਟੀ ਟੈਰਰਿਸਟ ਸਕੁਆਡ (ਏਟੀਐਸ) ਅਤੇ ਸਪੈਸ਼ਲ ਟਾਸਕ ਫੋਰਸ (ਐਸਟੀਐਫ) ਨੂੰ ਸੌਂਪੀ ਗਈ ਹੈ।

ਵਰਨਣ ਯੋਗ ਹੈ ਕਿ ਗੋਰਖਨਾਥ ਮੰਦਰ ਦੀ ਸੁਰੱਖਿਆ ਲਈ ਤਾਇਨਾਤ ਮੁਲਾਜ਼ਮਾਂ ਉੱਤੇ ਐਤਵਾਰ ਸ਼ਾਮ ਨੂੰ ਇਕ ਮੁਸਲਿਮ ਨੌਜਵਾਨ ਨੇ ਹਮਲਾ ਕਰ ਦਿੱਤਾਅਤੇ ਉਸ ਨੇ ਧਾਰਮਿਕ ਨਾਅਰੇ ਲਾ ਕੇ ਲੋਕਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਸੀ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਐਡੀਸ਼ਨਲ ਚੀਫ ਸੈਕਟਰੀ ਹੋਮ ਅਵਨੀਸ਼ ਕੁਮਾਰ ਅਵਸਥੀ ਨੇ ਕਿਹਾ ਕਿ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਹਮਲਾਵਰ ਨੂੰ ਫੜਨ ਮੌਕੇ ਜ਼ਖਮੀ ਹੋਏ ਬਹਾਦਰ ਜਵਾਨਾਂ ਨੂੰ ਪੰਜ ਲੱਖ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਹੈ।ਐਡੀਸ਼ਨਲ ਡੀ ਜੀ ਲਾਅ ਐਂਡ ਆਰਡਰ ਪ੍ਰਸ਼ਾਂਤ ਕੁਮਾਰ ਨੇ ਦੱਸਿਆ ਕਿ ਇਸ ਘਟਨਾ ਦੀ ਜਾਂਚ ਉੱਤਰ ਪ੍ਰਦੇਸ਼ਏਟੀਐਸ ਅਤੇ ਐਸਟੀਐਫ ਨੂੰ ਸੌਂਪੀ ਗਈ ਹੈ। ਦੋਵਾਂ ਏਜੰਸੀਆਂ ਦੇ ਐਡੀਸ਼ਨਲ ਡੀਜੀ ਨੂੰ ਇਸ ਮਕਸਦ ਲਈ ਗੋਰਖਪੁਰ ਭੇਜਿਆ ਗਿਆ ਹੈ।ਦੋਸ਼ੀ ਵਿਅਕਤੀ ਕੋਲੋਂ ਜੋ ਕੁਝ ਮਿਲਿਆ ਹੈ, ਉਹ ਕਿਸੇ ਡੂੰਘੀ ਸਾਜ਼ਿਸ਼ ਦਾ ਸ਼ੱਕ ਪਾਉਂਦਾ ਹੈ। ਇਸ ਬਾਰੇ ਗੋਰਖਨਾਥ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਪਾਕਿ ਦੀਆਂ ਵਿਰੋਧੀ ਪਾਰਟੀਆਂ ਨੇ 'ਸੈਸ਼ਨ' ਬੁਲਾ ਕੇ ਇਮਰਾਨ ਵਿਰੁੱਧ 'ਬੇਭਰੋਸਗੀ ਮਤਾ' ਪਾਸ ਕੀਤਾ



ਇਸਲਾਮਾਬਾਦ, 4 ਅਪਰੈਲ, (ਪੋਸਟ ਬਿਊਰੋ)- ਪਾਕਿਸਤਾਨ ਵਿਚ ਨਾਟਕੀ ਘਟਨਾਚੱਕਰਦੌਰਾਨ ਰਾਸ਼ਟਰਪਤੀ ਆਰਿਫ਼ ਅਲਵੀ ਵੱਲੋਂਪਾਰਲੀਮੈਂਟ ਭੰਗ ਕੀਤੇ ਜਾਣ ਤੋਂ ਬਾਅਦਵਿਰੋਧੀ ਧਿਰ ਨੇ ਇੱਕ ਆਪਣਾ'ਸੈਸ਼ਨ' ਕੀਤਾ ਅਤੇ ਇਸ ਵਿੱਚ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਖਿਲਾਫ ਬੇਭਰੋਸਗੀ ਮਤਾ ਕਰੀਬ 200 ਵੋਟਾਂ ਨਾਲ ਪਾਸ ਕਰਦਿੱਤਾ ਹੈ।

ਅਖਬਾਰ 'ਡਾਨ' ਖ਼ਬਰ ਅਨੁਸਾਰ ਵੋਟਾਂਦੇ ਨਤੀਜੇ ਦਾ ਐਲਾਨ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਨੇਤਾ ਅਤੇ ਨੈਸ਼ਨਲ ਅਸੈਂਬਲੀ (ਐੱਨ ਏ) ਦੇ ਸਾਬਕਾ ਪ੍ਰਧਾਨ ਐਯਾਜ਼ ਸਾਦਿਕ ਨੇ ਕੀਤਾ, ਜਿਨ੍ਹਾਂ ਨੇ ਐਤਵਾਰ ਨੂੰ ਐੱਨ ਏ ਦੇ ਸਪੀਕਰ ਅਸਦ ਕੈਸਰ ਵੱਲੋਂ ਐਲਾਨੇ ਪ੍ਰੀਜ਼ੀਡੀਅਮ ਪੈਨਲ ਦੇ ਮੈਂਬਰ ਵਜੋਂ ਮੀਟਿੰਗ ਦੀ ਪ੍ਰਧਾਨਗੀ ਕੀਤੀ ਸੀ। ਖ਼ਬਰ ਦੇ ਅਨੁਸਾਰ ਵਿਰੋਧੀ ਧਿਰ ਨੇ ਕਾਰਵਾਈ ਨੂੰ ਕਾਨੂੰਨੀ ਅਤੇ ਜਾਇਜ਼ ਐਲਾਨ ਦਿੱਤਾ, ਪਰ ਸੈਕਟਰੀਏਟਸਟਾਫ ਤੋਂ ਬਿਨਾਂ ਤੇ ਇਥੋਂ ਤਕ ਕਿ ਬਿਨਾਂ ਸਾਜ਼ੋ ਸਾਮਾਨ ਦੇ ਇਹ ਸੈਸ਼ਨ ਕੀਤਾ ਗਿਆ। ਉਨ੍ਹਾਂ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਖਿਲਾਫ ਬੇਭਰੋਸਗੀ ਮਤੇ ਨੂੰ 197 ਵੋਟਾਂ ਦੇ ਨਾਲ ਸਫ਼ਲ ਐਲਾਨਿਆ।

ਇਸ ਤੋਂ ਪਹਿਲਾਂ ਨੈਸ਼ਨਲ ਅਸੈਂਬਲੀ ਦੇ ਡਿਪਟੀ ਸਪੀਕਰ ਕਾਸਿਮ ਸੂਰੀ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਖਿਲਾਫ ਬੇਭਰੋਸਗੀ ਮਤਾ ਰੱਦ ਕਰ ਦਿੱਤਾ ਸੀ।ਪਾਕਿਸਤਾਨ ਦੇ ਚੀਫ਼ ਜਸਟਿਸ ਉਮਰ ਅਤਾ ਬੰਦਿਆਲ ਨੇ ਪਾਕਿਸਤਾਨ ਦੇਮੌਜੂਦਾ ਸਿਆਸੀ ਹਾਲਾਤਦਾ ਖ਼ੁਦ ਨੋਟਿਸ ਲੈ ਕੇ ਕਿਹਾ ਸੀ ਕਿ ਨੈਸ਼ਨਲ ਅਸੈਂਬਲੀ ਭੰਗ ਕਰਨ ਬਾਰੇ ਪ੍ਰਧਾਨ ਮੰਤਰੀ ਇਮਰਾਨ ਖਾਨ ਤੇ ਰਾਸ਼ਟਰਪਤੀ ਵੱਲੋਂ ਸ਼ੁਰੂ ਕੀਤੇ ਸਾਰੇ ਹੁਕਮ ਅਤੇ ਕਦਮ ਅਦਾਲਤ ਦੇ ਹੁਕਮ ਉੱਤੇ ਨਿਰਭਰ ਹੋਣਗੇ।ਜਸਟਿਸ ਬੰਦਿਆਲ ਨੇ ਇਸ ਹਾਈ ਪ੍ਰੋਫਾਈਲ ਕੇਸ ਦੀ ਸੁਣਵਾਈ ਇਕ ਦਿਨ ਲਈ ਮੁਲਤਵੀ ਕਰ ਦਿੱਤੀ ਸੀ।

ਵਿਰੋਧੀ ਧਿਰ ਦੇ ਨੈਸ਼ਨਲ ਅਸੈਂਬਲੀ ਸੈਸ਼ਨ ਦੌਰਾਨ ਸੱਤਾਧਾਰੀ ਪਾਕਿਸਤਾਨ ਤਹਿਰੀਕ ਏ ਇਨਸਾਫ (ਪੀਟੀ ਆਈ) ਸਰਕਾਰ ਦੇ ਸਾਬਕਾ ਸਹਿਯੋਗੀ ਧਿਰਾਂ ਦੇ ਮੈਂਬਰਾਂ ਅਤੇ ਪੀ ਟੀ ਆਈ ਦੇ 22 ਅਸੰਤੁਸ਼ਟ ਪਾਰਲੀਮੈਂਟ ਮੈਂਬਰਾਂ ਨੇ ਉਸ ਮਤੇ ਦੇ ਸਮੱਰਥਨ ਵਿਚ ਵੋਟ ਕੀਤੀ, ਜਿਸ ਨੂੰ ਰਸਮੀ ਤੌਰ ਉੱਤੇ ਵਿਰੋਧੀ ਧਿਰ ਦੇ ਨੇਤਾ ਪੀ ਐੱਮ ਐੱਲ-ਐੱਨ ਦੇ ਪ੍ਰਧਾਨ ਐੱਨ. ਸ਼ਾਹਬਾਜ਼ ਸ਼ਰੀਫ਼ ਨੇ ਪੇਸ਼ ਕੀਤਾ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਜ਼ਿਲ੍ਹਾ ਐਨ ਜੀ ਓ ਕੋਆਰਡੀਨੇਸ਼ਨ ਕਮੇਟੀ ਦੀ ਮੀਟਿੰਗ, ਕਮੇਟੀ ਵੱਲੋਂ ਆਪਣਾ ਸੰਵਿਧਾਨ ਅਤੇ ਨਿਯਮ ਕੀਤੇ ਗਏ ਤਹਿ



ਮੋਗਾ, 4 ਅਪ੍ਰੈਲ (ਗਿਆਨ ਸਿੰਘ): ਜਿਲ੍ਹਾ ਐਨ ਜੀ ਓ ਤਾਲਮੇਲ ਕਮੇਟੀ ਮੋਗਾ ਦੀ ਇੱਕ ਅਹਿਮ ਮੀਟਿੰਗ ਜਿਲ੍ਹਾ ਚੇਅਰਮੈਨ ਮਹਿੰਦਰ ਪਾਲ ਲੂੰਬਾ ਦੀ ਪ੍ਰਧਾਨਗੀ ਹੇਠ ਸ਼ਹੀਦ ਭਗਤ ਸਿੰਘ ਆਈ ਟੀ ਆਈ ਕੱਚਾ ਦੁਸਾਂਝ ਰੋਡ ਮੋਗਾ ਵਿਖੇ ਹੋਈ। ਇਸ ਮੀਟਿੰਗ ਵਿੱਚ ਸੰਸਥਾ ਦੇ ਚੁਣੇ ਹੋਏ ਅਹੁਦੇਦਾਰਾਂ ਅਤੇ ਐਗਜੈਕਟਿਵ ਮੈਂਬਰਾਂ ਨੇ ਹਿੱਸਾ ਲਿਆ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦਿਆਂ ਜਨਰਲ ਸਕੱਤਰ ਅਮਰਜੀਤ ਸਿੰਘ ਜੱਸਲ ਨੇ ਹਾਜਰ ਮੈਂਬਰਾਂ ਨਾਲ ਏਜੰਡਾ ਸਾਂਝਾ ਕਰਦਿਆਂ ਉਨ੍ਹਾਂ ਤੋਂ ਸੰਸਥਾ ਦੇ ਸੰਵਿਧਾਨ ਅਤੇ ਕਾਇਦੇ ਕਨੂੰਨ ਬਨਾਉਣ ਸਬੰਧੀ ਸੁਝਾਵਾਂ ਦੀ ਮੰਗ ਕੀਤੀ। ਸਭ ਹਾਜਰ ਮੈਂਬਰਾਂ ਨੇ ਆਪੋ ਆਪਣੇ ਸੁਝਾਅ ਪੇਸ਼ ਕੀਤੇ, ਜਿਨ੍ਹਾਂ ਨੂੰ ਰਜਿਸਟਰ ਉਪਰ ਦਰਜ ਕੀਤਾ ਗਿਆ। ਇਸ ਤੋਂ ਇਲਾਵਾ ਐਨ ਜੀ ਓ ਕੋਆਰਡੀਨੇਸ਼ਨ ਕਮੇਟੀ ਵਿੱਚ ਸ਼ਾਮਲ ਹੋਈਆਂ ਸੰਸਥਾਵਾਂ ਦੇ ਰਿਕਾਰਡ ਨੂੰ ਦਰਜ ਕੀਤਾ ਗਿਆ ਅਤੇ ਸੰਸਥਾ ਦੇ ਮੈਂਬਰਾਂ ਦੇ ਮੈਂਬਰਸ਼ਿਪ ਫਾਰਮ ਕੰਪਲੀਟ ਕੀਤੇ ਗਏ। ਇਸ ਮੌਕੇ ਜਿਲ੍ਹਾ ਐਨ ਜੀ ਓ ਕੋਆਰਡੀਨੇਸ਼ਨ ਕਮੇਟੀ ਦੇ ਪ੍ਰਧਾਨ ਗੁਰਸੇਵਕ ਸਿੰਘ ਸੰਨਿਆਸੀ ਨੇ ਦੱਸਿਆ ਕਿ ਮੰਗਲਵਾਰ ਤੋਂ ਸੰਸਥਾ ਦੀ ਰਜਿਸਟ੍ਰੇਸ਼ਨ ਦੀ ਕਾਰਵਾਈ ਸ਼ੁਰੂ ਹੋ ਜਾਵੇਗੀ ਅਤੇ ਇਸੇ ਹਫਤੇ ਵੀਰਵਾਰ ਨੂੰ ਡਿਪਟੀ ਕਮਿਸ਼ਨਰ ਮੋਗਾ ਅਤੇ ਐਸ ਐਸ ਪੀ ਮੋਗਾ ਨੂੰ ਮਿਲ ਕੇ ਉਨ੍ਹਾਂ ਤੋਂ ਮੀਟਿੰਗ ਦਾ ਸਮਾਂ ਮੰਗਿਆ ਜਾਵੇਗਾ।

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm


ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਨਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਕੀਰਤਨ ਕਲਾ ਅਤੇ ਅਜੋਕੇ ਕੀਰਤਨਕਾਰ

ਜੇਕਰ ਕੀਰਤਨ ਨੂੰ ਪਰਿਭਾਸ਼ਤ ਕਰਨਾ ਹੋਵੇ ਤਾਂ ਆਖਿਆ ਜਾ ਸਕਦਾ ਹੈ "ਮਨੁੱਖੀ ਮਨ ਨੂੰ ਵਿਸਮਾਦੀ ਸਰੂਰ, ਖੁਸ਼ੀ ਤੇ ਖੁਮਾਰੀ ਦੇਣ ਵਾਲ਼ੀਆਂ ਮਿੱਠੀਆਂ ਤੇ ਮਧੁਰ ਧੁਨਾਂ ਦੁਆਰਾ, ਸਾਜ਼ਾਂ ਤੇ ਆਵਾਜ਼ਾਂ ਦੀ ਅਨੂਠੀ ਮਿਲਤ ਨਾਲ਼, ਭਿੰਨ-ਭਿੰਨ ਰਾਗਾਂ, ਤਾਲਾਂ ਤੇ ਲੈਅ ਭਰਪੂਰ ਗਾਇਨ ਕੀਤੇ ਗੁਰਬਾਣੀ ਸ਼ਬਦਾਂ ਨੂੰ ਕੀਰਤਨ ਆਖਿਆ ਜਾਂਦਾ ਹੈ।" 'ਮਹਾਨ-ਕੋਸ਼' ਦੇ ਅਨੁਸਾਰ, "ਗੁਰਮਤਿ ਵਿਚ ਕਰਤਾਰ ਦੇ ਗੁਣ ਗਾਉਣ ਨੂੰ ਅਤੇ ਆਪਣੇ ਇਸ਼ਟ ਦੀ ਕੀਰਤੀ ਕਰਨ ਜਾਂ ਜਸ ਕਰਨ ਨੂੰ ਕੀਰਤਨ ਆਖਿਆ ਜਾਂਦਾ ਹੈ।"

ਸਿੱਖ-ਕੀਰਤਨ ਦਾ ਅਸਲ ਸੋਮਾ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ। ਗੁਰੂ ਗ੍ਰੰਥ ਦੀ ਸਾਰੀ ਬਾਣੀ ਕਾਵਿ-ਰਸ ਤੇ ਰਾਗ-ਰਸ ਦੀ ਭਾਵਨਾਤਮਿਕ ਏਕਤਾ ਦੀ ਲੜੀ ਵਿੱਚ ਓਤ-ਪੋਤ ਬਾਣੀ ਹੈ। ਸਾਰੀ ਬਾਣੀ ਵਿਚ ਜਿੱਥੇ ਰੂਹਾਨੀ ਤੇ ਪਰਮ-ਸ਼ਕਤੀ ਪਰਮ-ਾਤਮਾ ਨਾਲ ਜੋੜਨ ਦਾ ਸੰਦੇਸ਼ ਦਿੰਦੀ ਹੈ; ਉੱਥੇ ਰਾਗਾਂ ਦੇ ਵਿਧੀ ਵਿਧਾਨ ਅਨੁਸਾਰ ਗਾਉਣ ਲਈ ਕੀਰਤਨ ਕਰਨ ਦਾ ਉਪਦੇਸ਼ ਦਿੰਦੀ ਹੈ ਅਤੇ ਮਨੁੱਖੀ ਜੀਵਨ-ਜਾਚ ਦਾ ਮਾਰਗ ਦਰਸ਼ਨ ਕਰਦੀ ਹੈ

ਗੁਰੂ ਗ੍ਰੰਥ ਸਾਹਿਬ ਵਿਚ 31 ਸ਼ੁੱਧ ਰਾਗ ਤੇ 31 ਮਿਸਰਤ ਰਾਗ ਹਨ। 22 ਵਾਰਾਂ ਹਨ। ਕਲਾਸੀਕਲ ਗਾਇਕੀ ਦੀ ਸਭ ਤੋਂ ਔਖੀ ਤੇ ਬਿੱਖੜੀ ਵਿਧਾ ਪੜਤਾਲ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦੀਆਂ 7 ਰਾਗਾਂ ਵਿੱਚ 19 ਪੜਤਾਲਾਂ ਅਤੇ ਗੁਰੂ ਅਰਜਨ ਦੇਵ ਜੀ ਦੀਆਂ 10 ਰਾਗਾਂ ਵਿੱਚ 36 ਪੜਤਾਲਾਂ, ਕੁੱਲ 55 ਪੜਤਾਲਾਂ ਦਰਜ ਹਨ। ਲੋਕ-ਧੁਨਾਂ, ਲੋਕ-ਵਾਰਾਂ, ਲੋਕ-ਗਾਇਨ ਸ਼ੈਲੀਆਂ ਤੇ ਬਾਰਾਂਮਾਹਾਂ ਦਾ ਅਲੱਗ ਵਿਸਥਾਰ ਹੈ।

ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਸਮੇਂ ਗੁਰੂ ਅਰਜਨ ਦੇਵ ਜੀ ਨੇ ਭਗਤੀ ਭਾਵਨਾ ਤੇ ਪਰਮੇਸ਼ਰ ਦੀ ਅਰਾਧਨਾ ਲਈ ਸਭ ਤੋਂ ਤਰਜੀਹੀ ਕਾਰਜ ਨਿਰੰਤਰ ਗੁਰਬਾਣੀ ਕੀਰਤਨ ਕਰਨ ਦਾ ਕਾਰਜ ਕੀਤਾ ਹੈ। ਭਾਰਤੀ ਕਲਾਸੀਕਲ ਸੰਗੀਤ ਦੇ ਵਿਧੀ ਵਿਧਾਨ ਅਨੁਸਾਰ ਅਤੇ ਰਾਗ-ਰਸ ਦੀ ਰੂਹਾਨੀ ਭਾਵਨਾ ਅਨੁਸਾਰ ਕੀਰਤਨ ਮਨੁੱਖੀ ਮਨ ਦੀਆਂ ਮੂਲ ਪ੍ਰਵਿਰਤੀਆਂ ਨੂੰ ਵਿਸਮਾਦੀ ਰਸ ਦੇਣ ਵਾਲੀ ਸਭ ਤੋਂ ਕੋਮਲ ਤੇ ਸੂਖਮ ਵਿਧਾ ਹੈ।

ਹਰਿਮੰਦਰ ਸਾਹਿਬ ਵਿਚ ਗੁਰੂ ਜੀ ਦੀਆਂ ਅਰੰਭ ਕੀਤੀਆਂ ਵੱਖ-ਵੱਖ 'ਚੌਂਕੀਆਂ' ਵਿਚ ਪੱਕੇ ਰਾਗਾਂ ਦੀਆਂ ਧੁਨਾਂ, ਧਰੂਪਦ, ਧਮਾਰ, ਤਾਲਾਂ, ਪੜਤਾਲਾਂ ਦੀਆਂ ਗੂੰਜਾਂ ਪੈਣ ਲੱਗੀਆਂ। ਰਾਗੀ-ਰਬਾਬੀ ਮਸਤ ਤੇ ਖੀਵੇ ਹੋ ਕੇ ਸ਼ਬਦ ਕੀਰਤਨ ਵਿਚ ਮਘਨ ਹੁੰਦੇ ਅਤੇ ਸੰਗਤ ਸਰਸ਼ਾਰ ਹੁੰਦੀ। ਇਸ ਤਰ੍ਹਾਂ ਸਿੱਖੀ-ਜੀਵਨ ਜੁਗਤ ਨੂੰ ਕੀਰਤਨ ਕਲਾ ਨਾਲ਼ ਜੋੜਨ ਦੀ ਸਿੱਖ ਇਤਿਹਾਸ ਦੀ ਇਹ ਸਭ ਤੋਂ ਮਹਾਨ, ਪਵਿੱਤਰ ਅਤੇ ਮਾਣ ਕਰਨ ਯੋਗ ਘਟਨਾ ਹੈ ਅਤੇ ਸਮੁੱਚੀ ਸਿੱਖ ਕੌਮ ਦਾ ਸੰਸਾਰ ਵਿਚ ਸਭ ਤੋਂ ਉੱਤਮ, ਰੂਹਾਨੀ ਤੇ ਕਲਾਤਮਿਕ ਵਿਰਸਾ ਹੈ। ਉਦੋਂ ਤੋਂ ਗੁਰਬਾਣੀ ਕੀਰਤਨ ਦਾ ਇਹ ਮਹਾਂ-ਕੁੰਭ ਹਰ ਗੁਰ ਅਸਥਾਨ 'ਤੇ ਨਿਰੰਤਰ ਹੋਣ ਦੀ ਰੀਤ ਤੁਰੀ ਆ ਰਹੀ ਹੈ।

ਗੁਰਬਾਣੀ ਕੀਰਤਨ ਦੁਆਰਾ ਮਨੁੱਖੀ ਮਨ ਦੀਆਂ ਮੂਲ ਪ੍ਰਵਿਰਤੀਆਂ ਨੂੰ ਵਿਸਮਾਦੀ ਤੇ ਸਰਸ਼ਾਰੀ ਪ੍ਰਭਾਵ ਪੈਦਾ ਲਈ ਅਵਾਜ਼ ਮਿੱਠੀ, ਕੋਮਲ ਤੇ ਸੁਰੀਲੀ ਚਾਹੀਦੀ ਹੈ। ਇਸ ਲਈ ਰਿਆਜ਼ ਦੀ ਅਤਿਅੰਤ ਲੋੜ ਹੈ। ਰਿਆਜ਼ ਦੁਆਰਾ ਅਵਾਜ਼ ਕੋਮਲ, ਮਧੁਰ ਤੇ ਮਿੱਠੀ ਹੁੰਦੀ ਹੈ।ਇਸ ਦੇ ਨਾਲ਼ ਸ਼ੌਂਕ ਤੇ ਸ਼ਰਧਾਵਾਨ ਬਿਰਤੀ ਦਾ ਹੋਣਾ ਵੀ ਜ਼ਰੂਰੀ ਹੈ। ਹਰ ਕੋਮਲ ਕਲਾ ਸ਼ਰਧਾ, ਸ਼ੌਂਕ ਤੇ ਸਿਰੜ ਬਗੈਰ ਵੱਸ ਵਿੱਚ ਨਹੀਂ ਆਉਂਦੀ। ਰਿਆਜ਼-ਰਹਿਤ ਖੁਸ਼ਕ ਤੇ ਅੱਖੜ ਅਵਾਜ਼ ਨਾਲ਼ ਕੀਤੇ ਕੀਰਤਨ ਨਾਲ ਜਿੱਥੇ ਗੁਰਬਾਣੀ ਦੇ ਅਰਸ਼ੀ ਤੇ ਨੂਰੀ ਸੰਦੇਸ਼ ਦੀ ਨਿਰਾਦਰੀ ਹੁੰਦੀ ਹੈ; ਉੱਥੇ ਮਹਾਨ ਗਾਇਕੀ ਦਾ ਅਤੇ ਕੀਰਤਨ ਕਲਾ ਦਾ ਮਿਆਰ ਡਿਗਦਾ ਅਤੇ ਪ੍ਰਭਾਵ ਕਮਜ਼ੋਰ ਹੁੰਦਾ ਹੈ।





ਪੂਰਨ ਸਿੰਘ ਪਾਂਧੀ
ਟੋਰਾਂਟੋ, ਕਨੇਡਾ

ਇਸ ਲਈ ਹਰ ਰਾਗੀ ਸਿੰਘ ਨੂੰ ਸ਼ੌਂਕ ਤੇ ਸਿਰੜ ਨਾਲ ਆਪਣੇ ਕੰਠ ਦਾ ਰੋਜ਼ਾਨਾ ਬੇ-ਨਾਗਾ ਰਿਆਜ਼ ਕਰਨ ਦਾ ਪੱਕਾ ਨਿਤਨੇਮੀ ਹੋਣਾ ਚਾਹੀਦਾ ਹੈ। ਸਪਤਕ ਦੀਆਂ ਸਾਰੀਆਂ ਸ਼ੁੱਧ ਤੇ ਕੋਮਲ ਸੁਰਾਂ ਵਿੱਚ ਆਵਾਜ਼ ਗਰਾਰੀ ਦੇ ਬਰੀਕ ਦੰਦਿਆਂ ਵਾਂਗ ਫਿਰਦੀ ਹੋਵੇ ਅਤੇ ਸੁਰਗਵਾਸੀ ਭਾਈ ਸਮੁੰਦ ਸਿੰਘ ਦੀ ਅਵਾਜ਼ ਵਾਂਗ ਸਪਤਕ ਦੀਆਂ ਸਾਰੀਆਂ ਸੁਰਾਂ ਰੰਗਲਾ ਨਿਰਤ ਕਰਦੀਆਂ ਜਾਪਣ। ਟਾਪ ਦੀਆਂ ਸੁਰਾਂ ਵਿੱਚ ਅਵਾਜ਼ ਦੀਵੇ ਦੀ ਲਾਟ ਵਾਂਗ ਡੋਲਦੀ, ਕੰਬਦੀ ਜਾਂ ਭਰੜਾਂਦੀ ਨਾ ਹੋਵੇ; ਸਗੋਂ ਤੇਲ ਦੀ ਧਾਰ ਵਾਂਗ ਗੰਭੀਰ ਅਤੇ ਸੁਰਗਵਾਸੀ ਭਾਈ ਸੰਤਾ ਸਿੰਘ ਵਾਂਗ ਕੋਮਲ, ਮਧੁਰ, ਮਿੱਠੀ ਤੇ ਟੁਣਕਦੀ ਹੋਵੇ। ਗੁਲਾਮ ਅਲੀ ਵਾਂਗ ਮੰਦਰ ਸਪਤਕ ਵਿੱਚ ਅਵਾਜ਼ ਡੂੰਘੀ, ਗੰਭੀਰ ਤੇ ਮਧੁਰ ਹੋਵੇ। ਸ੍ਰੀ ਨਗਰ ਵਾਲੇ ਰਾਗੀ ਭਾਈ ਹਰਜਿੰਦਰ ਸਿੰਘ, ਭਾਈ ਮਨਿੰਦਰ ਸਿੰਘ ਵਾਂਗ, ਵੱਖ-ਵੱਖ ਰਾਗਾਂ, ਰਸਾਂ ਤੇ ਵੱਖ-ਵੱਖ ਤਾਲਾਂ ਵਿੱਚ ਨਵੀਆਂ ਤੇ ਮੌਲਿਕ ਰੀਤਾਂ-ਤਰਜ਼ਾਂ ਆਪ ਤਿਆਰ ਕਰਨ ਦੀ ਯੋਗਤਾ ਹੋਵੇ। ਸੰਤ ਸੁਜਾਨ ਸਿੰਘ ਵਰਗੇ ਮਿੱਠੇ, ਮਧੁਰ ਤੇ ਅਕਹਿ ਪ੍ਰਭਾਵ ਦੀ ਉਸਾਰੀ ਕਰਦੇ ਅਲਾਪ, ਮੀਂਡ ਤੇ ਮੁਰਕੀਆਂ ਹੋਣ ਤੇ ਧੁਰ ਅੰਦਰ ਤੱਕ ਲਹਿੰਦੀ ਹੂਕ ਹੋਵੇ।

ਜਿਵੇਂ ਸੁੰਦਰਤਾ ਵਿੱਚ ਵਾਧਾ ਕਰਨ ਲਈ ਸੁਰਖੀ, ਬਿੰਦੀ ਤੇ ਹੋਰ ਗਹਿਣਿਆਂ ਨਾਲ ਹਾਰ-ਸ਼ਿੰਗਾਰ ਕੀਤਾ ਜਾਂਦਾ ਹੈ, ਇਸੇ ਤਰ੍ਹਾਂ ਗਾਇਨ-ਕਲਾ ਤੇ ਕਾਵਿ-ਕਲਾ ਵਿੱਚ ਵੀ ਭਿੰਨ-ਭਿੰਨ ਅਲੰਕਾਰਾਂ ਦੁਆਰਾ ਸੁਹਜ ਸ਼ਿੰਗਾਰ ਕਰਨ ਦਾ ਵਿਧਾਨ ਹੈ। ਕੀਰਤਨ ਵਿੱਚ ਅਲਾਪ, ਤਾਨ, ਸਰਗਮ, ਮੀਂਡ, ਮੁਰਕੀ ਆਦਿ ਅਲੰਕਾਰਾਂ ਦੀ ਵਰਤੋਂ ਕਰਨ ਦਾ ਵਿਧਾਨ ਹੈ। ਇਹ ਅਤਿਅੰਤ ਜ਼ਰੂਰੀ ਹੈ। ਇਨ੍ਹਾਂ ਅਲੰਕਾਰਾਂ ਬਗੈਰ ਗਾਇਕੀ ਫਿੱਕੀ, ਨੀਰਸ ਤੇ ਅਧੂਰੀ ਹੈ। ਵੱਖ-ਵੱਖ ਤਾਲਾਂ ਤੇ ਵੱਖ-ਵੱਖ ਲੈਅ ਵਿੱਚ, ਵੱਖ-ਵੱਖ ਗਾਇਨ-ਸ਼ੈਲੀਆਂ ਦਾ ਪ੍ਰਯੋਗ ਹੋਣਾ ਚਾਹੀਦਾ ਹੈ। ਵਿਦਵਾਨ ਹਸਤੀਆਂ ਨੂੰ ਪਤਾ ਹੈ ਕਿ ਵੱਖ-ਵੱਖ ਤਾਲਾਂ ਦਾ ਤੇ ਉਨ੍ਹਾਂ ਦੀਆਂ ਲੈਆਂ ਦਾ ਅਤੇ ਫਿਰ ਵੱਖ-ਵੱਖ ਗਾਇਨ ਸ਼ੈਲੀਆਂ ਦਾ ਬੇਅੰਤ ਵਿਸਥਾਰ ਹੈ। ਇਸ ਸਾਰੇ ਵਿਸਥਾਰ ਦੀ ਡੂੰਘੀ ਜਾਣਕਾਰੀ, ਵਿਸ਼ਾਲ ਗਿਆਨ ਤੇ ਫਿਰ ਉਸ ਦੀ ਪੇਸ਼ਕਾਰੀ ਹੋਣੀ ਚਾਹੀਦੀ ਹੈ। ਪਰ ਇਸ ਲਈ ਅਪਾਰ ਸ਼ਰਧਾ, ਡੂੰਘਾ ਸ਼ੌਂਕਤੇ ਕਠੋਰ ਅਭਿਆਸ ਦੀ ਲੋੜ ਹੈ।

> ਗੁਰ-ਦੁਆਰਾ ਪ੍ਰਬੰਧਕ ਕਮੇਟੀਆਂ ਦੇ ਧਿਆਨਹਿਤ

ਪੁਰਾਤਨ ਸਮੇਂ ਤੋਂ ਸਿੱਖ-ਕੀਰਤਨ ਵਿੱਚ ਪ੍ਰਮਾਣ ਦੇਣ ਦੀ ਵਿਧੀ ਪ੍ਰਚਲਤ ਹੈ। ਇਸ ਵਿਧੀ ਦੁਆਰਾ ਕੌਤਕੀ, ਕਰਾਮਾਤੀ ਤੇ ਸਿਧਾਂਤ-ਹੀਨ ਸਾਖੀਆਂ ਦੀ, ਭਾਸ਼ਾ-ਵਿਗਿਆਨ ਤੋਂ ਕੋਰੀ, ਰਸ-ਹੀਣ ਤੇ ਪ੍ਰਭਾਵ-ਹੀਣ ਵਿਆਖਿਆ ਦੀ ਲੋੜ ਨਹੀਂ ਪੈਂਦੀ। ਇੱਕ ਵਿਧੀ ਭਾਈ ਚਾਂਦ ਵਾਲੀ 'ਤਾਲ ਤੇ ਲੈਅ-ਰਹਿਤ' ਅਤੇ ਦੂਜੀ ਪ੍ਰੋਫ਼ੈਸਰ ਦਰਸ਼ਨ ਸਿੰਘ ਵਾਲੀ 'ਤਾਲ ਤੇ ਲੈਅ-ਸਹਿਤ' ਵਿਧੀ ਹੈ। ਪਰ ਇਸ ਲਈ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਬੇਅੰਤ ਬਾਣੀ ਯਾਦ ਹੋਣੀ ਚਾਹੀਦੀ ਹੈ। ਸਿਧਾਂਤਕ ਵਿਸ਼ਿਆਂ ਦੀ ਚੋਣ ਲਈ ਸ਼ਬਦ ਨਾਲ਼ ਢੁਕਦੇ ਪ੍ਰਮਾਣ ਸੂਤਰ-ਬੱਧ ਕਰਨ ਲਈ ਅਧਿਐਨਸ਼ੀਲ, ਲਗਨਸ਼ੀਲ ਤੇ ਖੋਜੀ ਬਿਰਤੀ, ਅਸਧਾਰਨ ਯੋਗਤਾ ਅਤੇ ਵਿਦਵਤਾ ਚਾਹੀਦੀ ਹੈ।

ਜਿੱਥੇ ਗੁਰਬਾਣੀ ਜ਼ਬਾਨੀ ਯਾਦ ਹੋਣੀ ਜ਼ਰੂਰੀ ਹੈ; ਉੱਥੇ ਉਚਾਰਣ ਸ਼ੁੱਧ ਤੇ ਸਪੱਸ਼ਟ ਹੋਣਾ ਅਤਿਅੰਤ ਜ਼ਰੂਰੀ ਹੈ। ਅਸ਼ੁੱਧ ਉਚਾਰਣ ਦਾ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ, (ਸ਼ਾਇਦ ਪਾਪ ਵੀ ਲੱਗਦਾ ਹੋਵੇ)। ਭੈਅ ਤੇ ਭਾਵਨਾ ਉੱਖੜ ਜਾਂਦੀ ਹੈ। ਸੱਭ ਤੋਂ ਵੱਡੀ ਤੇ ਠੋਸ ਗੱਲ ਇਹ ਹੈ ਕਿ ਮਿੱਠੀ, ਮਧੁਰ ਤੇ ਸੁਰੀਲੀ ਅਵਾਜ਼ ਬਗੈਰ, ਸ਼ਰਧਾ ਭਾਵਨਾ ਰਹਿਤ ਕੀਰਤਨ ਕਰਨ ਤੋਂ, ਇਸ ਮਹਾਨ ਕਲਾ ਨੂੰ ਕੇਵਲ ਰੋਜ਼ਗਾਰ ਦਾ ਸਾਧਨ ਬਨਾਉਣ ਤੋਂ ਹਰ ਹਾਲਤ ਗੁਰੇਜ਼ ਕਰਨਾ ਚਾਹੀਦਾ ਹੈ। ਗਾਇਨ-ਕਲਾ ਦੇ ਉਚੇ ਤੇ ਮਹਾਨ ਬੁਰਜ ਦੇ ਗੁੰਬਦ ਦੀ ਲਾਜ ਰੱਖਣੀ ਚਾਹੀਦੀ ਹੈ।

ਇੱਕ ਹੀ ਸ਼ਬਦ ਬਾਰ-ਬਾਰ ਗਾਉਣ ਤੋਂ ਹਰ ਹਾਲਤ ਸੰਕੋਚ ਕਰਨਾ ਚਾਹੀਦਾ ਹੈ। ਪੂਰੀ ਸਿੱਖ ਕੌਮ ਵਿੱਚੋਂ ਕੋਈ ਅਜਿਹਾ ਵਿਦ-ਵਾਨ ਖੁਰਦਬੀਨ ਨਾਲ਼ ਲੱਭ ਕੇ ਦੱਸੋ; ਜਿਸਨੂੰ ਇੱਕੋ ਸ਼ਬਦ, ਇੱਕੋ ਤਰਜ਼ ਅਤੇ ਇੱਕੋ ਤਾਲ ਵਿੱਚ ਸਾਰੀ ਜ਼ਿੰਦਗੀ ਵਿੱਚ ਦੂਜੀ ਵਾਰ ਗਾਉਣ ਦੀ ਲੋੜ ਨਾ ਪਈ ਹੋਵੇ। ਅਜਿਹੇ ਮਹਾਨ ਸਿਦਕੀ ਕੀਰਤਨੀਏ ਨੂੰ ਪਲਕਾਂ 'ਤੇ ਬਿਠਾਈਏ ਅਤੇ ਬਾਰੰ-ਬਾਰ ਚਰਨ-ਬੰਦਨਾ ਕਰੀਏ!

ਸਿੱਖ ਪੰਥ ਵਿਚ ਭਾਵੇਂ ਉੱਚੀ-ਸੁੱਚੀ ਬਿਰਤੀ ਸੁਰਤੀ ਵਾਲੇ ਗੁਣਵਾਨ, ਵਿਦਵਾਨ ਅਤੇ ਸੁਲ੍ਹਝੀ, ਸ੍ਰੇਸ਼ਟ ਤੇ ਸੋਧੀ ਜੀਵਨ-ਜਾਚ ਦੇ ਮਾਲਕ ਵੀ ਬਥੇਰੇ ਹੋਣਗੇ। ਫਿਰ ਵੀ ਪੜਤਾਲ ਕਰ ਕੇ ਦੇਖੋ ਕਿ ਕੀ ਅਜੋਕਾ ਕੀਰਤਨ ਉਪ੍ਰੋਕਤ ਕਸਵੱਟੀ 'ਤੇ ਖਰਾ ਉਤਰਦਾ ਹੈ? ਜਾਂ ਕੁਝ ਕੁਝ ਉੱਤਰਦਾ ਹੈ? ਪਰ ਅਫਸੋਸਨਾਕ ਤੇ ਕੌੜੀ ਸਚਾਈ ਇਹ ਹੈ ਕਿ ਅਜੋਕਾ ਕੀਰਤਨ ਗਿਣਤੀ ਦੇ ਕੁਝ ਰਾਗਾਂ ਵਿਚ, ਖੁਸ਼ੀ, ਗਮੀ ਤੇ ਸ਼ੁਕਰਾਨੇ ਦੇ ਥੋੜ੍ਹੇ ਸ਼ਬਦਾਂ ਦਾ, ਥੋੜ੍ਹੀਆਂ ਸੁਰਾਂ ਦਾ, ਕੇਵਲ ਦੋ ਤਾਲਾਂ (ਕਹਿਰਵਾ ਤੇ ਦਾਦਰਾ) ਵਿੱਚ ਸਿਮਟ ਕੇ ਰਹਿ ਗਿਆ ਹੈ। ਦਿਲਾਂ ਨੂੰ ਧੂਹ ਪਾਉਂਦੀਆਂ, ਵਿਸਮਾਦੀ ਤੇ ਸਰਸ਼ਾਰ ਕਰਦੀਆਂ ਸੁਰਾਂ, ਧੁਨਾਂ, ਤਾਲ ਤੇ ਲੈਅ ਅਲੋਪ ਹਨ। ਬਹੁਤੀ ਵਾਰ ਉਚਾਰਣ ਅਸ਼ੁੱਧ ਹੁੰਦਾ ਹੈ। ਬਿਰਤੀ ਇੱਧਰ ਉੱਧਰ ਭਟਕਦੀ ਦਿਖਾਈ ਦਿੰਦੀ ਹੈ। ਖੋਜੀ, ਜਗਿਆਸੂ ਤੇ ਅਧਿਐਨਸ਼ੀਲ ਬਿਰਤੀ ਅਲੋਪ, ਸਾਦਾ ਤੇ ਗੁਰਮੁਖੀ ਲਿਬਾਸ ਅਲੋਪ ਹੈ। ਮਹਾਨ ਗੁਰੂ ਦੇ ਉੱਚ-ਦੁਮਾਲੜੇ, ਲਾਡਲੇ ਕੀਰਤਨੀਏਂ ਅਤੇ ਕੌਂਮ ਦੇ ਚਮਕਦੇ ਮਾਣ-ਮੱਤੇ ਹੀਰੇ-ਕੀਰਤਨੀਏ ਬਣਨ ਲਈ ਲੋੜ ਹੈ: ਡੂੰਘੀ ਲਗਨ, ਕਠੋਰ ਸਾਧਨਾ, ਉੱਚੀਆਂ ਡਿਗਰੀਆਂ, ਬਹੁ-ਪੱਖੀ ਯੋਗਤਾ, ਵਿਸ਼ਾਲ ਗਿਆਨ ਭੰਡਾਰ, ਸੁੱਚੇ ਜੀਵਨ, ਸਨਿੰਮਰ ਬਿਰਤੀ ਤੇ ਸਮਰਪਤੀ ਭਾਵਨਾ ਦੀ।

ਅੱਜ ਸੰਸਾਰ ਦੇ ਲਗਭਗ ਹਰ ਸ਼ਹਿਰ ਵਿਚ ਗੁਰਦੁਆਰੇ ਹਨ। ਸੌ-ਸੌ ਫੁੱਟ ਉਚੇ ਨਿਸ਼ਾਨ ਸਾਹਿਬ ਝੂਲ ਰਹੇ ਹਨ। ਸਰਬੱਤ ਲਈ ਲੰਗਰ ਦੀ ਮਹਿਮਾ ਤੇ ਮਹਾਨਤਾ ਹੈ। ਵੱਡੀ ਗਿਣਤੀ ਵਿਚ ਰਾਗੀ ਜੱਥੇ ਹਨ। ਪਰ ਕੀ ਅਜੋਕੇ ਕੀਰਤਨ ਵਿੱਚ ਉਪ੍ਰੋਕਤ ਮਹਾਨ ਵਿਰਸੇ ਦੇ, ਤਿਆਗ, ਵੈਰਾਗ ਅਤੇ ਸਰਸ਼ਾਰੀ ਪ੍ਰਭਾਵ ਦੇ ਦਰਸ਼ਨ ਹੁੰਦੇ ਹਨ? ਕੀ ਅਜੋਕੇ ਕਿਸੇ ਰਾਗੀ ਜੱਥੇ ਕੋਲ ਗੁਰੂ ਗ੍ਰੰਥ ਸਾਹਿਬ ਵਿਚ ਦਰਜ 61-62 ਰਾਗਾਂ ਦੀ ਅਤੇ ਪੁਰਾਤਨ ਰੀਤਾਂ, ਬੰਦਸ਼ਾਂ, ਤਾਲਾਂ, ਪੜਤਾਲਾਂ ਦੀ ਵਿਦਵਤਾ ਦੀ ਅਮੀਰੀ ਦਿਖਾਈ ਦਿੰਦੀ ਹੈ? ਕਿੱਥੇ ਹਨ ਸਰੰਦਾ, ਰਬਾਬ, ਦਿਲਰੁਬਾ, ਵਾਇਲਨ ਜਾਂ ਹੋਰ ਤੰਤੀ ਸਾਜ? ਕੀ ਇਨ੍ਹਾਂ ਸਾਜਾਂ ਦਾ ਅਤੇ ਗੁਰੂ ਸਾਹਿਬਾਨ ਦੇ ਸਮੇ ਦੀਆਂ ਕੀਮਤੀ ਰੀਤਾਂ, ਬੰਦਸ਼ਾਂ, ਤਾਲਾਂ, ਪੜਤਾਲਾਂ ਦੇ ਅਮੋਲਕ ਵਿਰਸੇ ਦਾ ਭੋਗ ਤਾਂ ਨਹੀਂ ਪੈ ਗਿਆ? ਆਖਣ ਨੂੰ ਜੀ ਨਹੀਂ ਕਰਦਾ ਪਰ ਹਕੀਕਤ ਇਹ ਹੈ ਕਿ ਗੁਰਬਾਣੀ ਕੀਰਤਨ ਦਾ ਏਨਾ ਸਰਲੀਕਰਣ ਹੋ ਗਿਆ ਹੈ ਕਿ ਕਈ ਵਾਰ ਹਿੰਦੂਆਂ ਦੀਆਂ 'ਭੇਟਾਂ' ਤੇ ਸਿੱਖਾਂ ਦੇ ਕੀਰਤਨ ਵਿਚ ਫ਼ਰਕ ਕਰਨਾ ਔਖਾ ਹੁੰਦਾ ਹੈ। ਅਜਿਹਾ ਕਿਉਂ ਹੋ ਰਿਹਾ ਹੈ? ਕੌਣ ਜ਼ੁੰਮੇਵਾਰ ਹੈ? ਕੀ ਕਮੇਟੀਆਂ ਦੇ ਸੁਘੜ, ਸੁਜਾਨ ਤੇ ਗਿਆਨਵਾਨ, ਉੱਦਮੀ, ਉਤਸ਼ਾਹੀ ਅਤੇ ਸੇਵਾ-ਭਾਵੀ ਸਤਿਕਾਰਯੋਗ ਪ੍ਰਬੰਧਕ ਕੀਰਤਨ ਕਲਾ ਦੇ ਇਸ ਮਿਆਰ ਵੱਲ ਤੇ ਡਿਗਦੇ ਗਰਾਫ ਵੱਲ ਧਿਆਨ ਦੇਣ ਦੀ ਕਿਰਪਾਲਤਾ ਕਰਨਗੇ?

# ਜੀਵਨ ਨੂੰ ਕਿਸਮਤ ਦੇ ਸਹਾਰੇ ਨਹੀਂ ਛੱਡਿਆ ਜਾ ਸਕਦਾ

ਪੂਰੇ ਬ੍ਰਹਿਮੰਡ ਵਿਚੋਂ ਸਰਵਸ੍ਰੇਸ਼ਟ ਜੂਨ ਮਨੁੱਖਾ ਜੀਵਨ ਹੈ। ਇੱਕ ਅਜਿਹੀ ਹੋਂਦ ਜਿਸ ਵਿੱਚ ਕੁਝ ਵੀ ਕਰਨ ਦੀ ਸਮਰੱਥਾ ਕੁਦਰਤ ਨੇ ਬਖਸ਼ੀ ਹੋਈ ਹੈ। ਜਿੰਨੀ ਪ੍ਰਪੱਕਤਾ ਨਾਲ ਮਨੁੱਖ ਨੂੰ ਸੋਚਣ ਦੀ ਸ਼ਕਤੀ ਮਿਲੀ, ਏਨੀ ਸੂਝ ਬ੍ਰਹਿਮੰਡ ਦੇ ਕਿਸੇ ਵੀ ਹੋਰ ਜੀਵ ਕੋਲ ਨਹੀਂ ਹੈ। ਅਜਿਹੀ ਅਸੀਮ ਸ਼ਕਤੀ ਦਾ ਮਾਲਕ ਬਣਾ ਕਾਦਰ ਨੇ ਦੂਸਰੀਆਂ ਸਾਰੀਆਂ ਜੂਨਾਂ ਨੂੰ ਮਨੁੱਖ ਦੇ ਅਧੀਨ ਕਰ ਦਿੱਤਾ।

ਹਰ ਇਨਸਾਨ ਚਾਹੁੰਦਾ ਹੈ ਕਿ ਉਹ ਜੀਵਨ ਵਿੱਚ ਸਫ਼ਲ ਹੋਵੇ। ਉਸਦਾ ਇੱਕ ਨਾਮ ਹੋਵੇ, ਇੱਕ ਅਜਿਹੀ ਪਹਿਚਾਣ ਹੋਵੇ ਜਿਸ ਦੇ ਹੁੰਦਿਆਂ ਉਸਦੇ ਕਰੀਬੀ ਉਸਤੇ ਮਾਣ ਮਹਿਸੂਸ ਕਰਨ। ਪਰ ਸਫ਼ਲ ਹੋਣਾ ਕੋਈ ਸੌਖੀ ਖੇਡ ਨਹੀਂ।ਅੱਜ ਤੱਕ ਸਫ਼ਲਤਾ ਉਹਨਾਂ ਦੇ ਹੱਥ ਆਈ ਜਿੰਨਾਂ ਮਿਹਨਤ ਕੀਤੀ, ਦ੍ਰਿੜ੍ਹ ਭਰੋਸਾ ਰੱਖਿਆ, ਆਲਸ ਨੂੰ ਤਿਆਗ, ਬਿਖੜੇ ਪੈਂਡਿਆਂ ਨਾਲ ਨਿਪਟਿਆ ਤੇ ਸਫ਼ਲਤਾ ਦਾ ਝੰਡਾ ਗੱਡਿਆ। ਜੀਵਨ ਦੇ ਚੱਲਦਿਆਂ ਬਹੁਤ ਸਾਰੇ ਰਸਤੇ ਸਾਡੇ ਸਾਰਿਆਂ ਦੇ ਰਾਹ ਵਿੱਚ ਆਉਂਦੇ ਹਨ, ਜਿੰਨਾਂ ਇਮਤਿਹਾਨਾਂ ਵਿੱਚ ਮਨੁੱਖ ਕਈ ਵਾਰ ਪਾਸ ਹੁੰਦਾ ਹੈ ਅਤੇ ਕਈ ਵਾਰ ਨਿਰਾਸ਼ ਹੁੰਦਾ ਹੈ। ਅਸੀਂ ਆਲੇ ਦੁਆਲੇ ਦੇਖਦੇ ਹਾਂ ਕਿ ਬਹੁਤ ਸਾਰੇ ਲੋਕ ਆਪਣੀਆਂ ਮੁਸ਼ਕਿਲਾਂ ਨਾਲ ਨਜਿੱਠਣ ਦੀ ਬਜਾਇ ਕਿਸਮਤ ਨੂੰ ਕੋਸਦੇ ਰਹਿੰਦੇ ਹਨ। ਕਈ ਅਜਿਹੇ ਵੀ ਹੁੰਦੇ ਹਨ, ਜੋ ਮਿਹਨਤ ਕਰਨ ਲਈ ਤਿਆਰ ਨਹੀਂ ਹੁੰਦੇ ਪਰ ਕਿਸਮਤ ਭਰੋਸੇ ਬੈਠੇ ਰਹਿੰਦੇ ਹਨ, ਅਤੇ ਜਦੋਂ ਨਿਰਾਸ਼ਤਾ ਹੱਥ ਲੱਗਦੀ ਹੈ ਤਾਂ ਕਿਸਮਤ ਨੂੰ ਝੂਰਦੇ ਹਨ।



ਇਹ ਕੁਦਰਤ ਦਾ ਨਿਯਮ ਹੈ ਜਿੰਨੇ ਯਤਨ, ਰੀਝ, ਉਤਸ਼ਾਹ ਨਾਲ ਤੁਸੀਂ ਕੰਮ ਕਰੋਗੇ, ਉਦਾਂ ਦੇ ਹੀ ਨਤੀਜ਼ੇ ਤੁਹਾਡੇ ਹੱਥ ਲੱਗਣਗੇ। ਕਿਸਮਤ ਕਦੇ ਵੀ ਬਣੀ ਬਣਾਈ ਨਹੀਂ ਹੁੰਦੀ ਇਸਨੂੰ ਘੜਣਾ ਪੈਂਦਾ ਹੈ। ਜੇਕਰ ਕਿਸਮਤਾਂ ਪਹਿਲਾਂ ਹੀ ਬਣੀਆਂ ਹੁੰਦੀਆਂ ਤਾਂ ਹਰ ਕੰਮ ਪਹਿਲਾਂ ਹੀ ਬਣੀਆਂ ਸ਼ਕਤੀਆਂ ਦੇ ਅਧੀਨ ਹੋਕੇ ਆਪਣੇ ਆਪ ਹੀ ਚੱਲਦੇ ਜਾਣਾ ਸੀ। ਕਿਸੇ ਨੂੰ ਕਿਸੇ ਵੀ ਤਰ੍ਹਾਂ ਦਾ ਯਤਨ ਕਰਨ ਦੀ ਜਰੂਰਤ ਨਹੀਂ ਸੀ ਪੈਣੀ। ਪਰ ਅਜਿਹਾ ਨਹੀਂ ਹੈ ਹਰ ਕਾਮਯਾਬੀ ਪਿੱਛੇ ਇੱਕ ਬਹੁਤ ਵੱਡੀ ਘਾਲਣਾ ਹੁੰਦੀ ਹੈ, ਸਵੈ ਵਿਸ਼ਵਾਸ, ਦ੍ਰਿੜ੍ਹਤਾ, ਸਾਹਸ, ਕੁਝ ਕਰ ਗੁਜ਼ਰਨ ਦਾ ਜ਼ਜਬਾ ਹੁੰਦਾ ਹੈ।



ਹਰਕੀਰਤ ਕੌਰ
9779118066

ਕਿਸਮਤ ਦੇ ਸਹਾਰਾ ਸਿਰਫ਼ ਆਲਸੀ, ਅਵੇਸਲੇ, ਬਹਾਨੇਬਾਜ ਲੋਕ ਲੈਂਦੇ ਹਨ।

ਜਿਹੜੇ ਲੋਕਾਂ ਨੇ ਦੁਨੀਆਂ ਵਿੱਚ ਆਪਣੇ ਨਾਮ ਦਾ ਝੰਡਾ ਬੁਲੰਦ ਕੀਤਾ ਹੈ, ਉਹਨਾਂ ਕਦੇ ਵੀ ਆਪਣੇ ਕਿਸੇ ਕਾਰਜ ਨੂੰ ਕਿਸਮਤ ਦੇ ਸਹਾਰੇ ਨਹੀਂ ਛੱਡਿਆ। ਇਹ ਨਹੀਂ ਕਿ ਉਹਨਾਂ ਦੇ ਰਾਹਾਂ ਵਿੱਚ ਔਕੜਾਂ ਨਹੀਂ ਆਈਆਂ, ਇਹ ਨਹੀਂ ਕਿ ਉਹਨਾਂ ਨੇ ਚੁਣੌਤੀਆਂ ਦਾ ਸਾਹਮਣਾ ਨਹੀਂ ਕੀਤਾ, ਬਲਕਿ ਔਕੜਾਂ, ਚ

ਚੁਣੌਤੀਆਂ ਨਾਲ ਆਪਣੇ ਬਲਬੂਤੇ ਤੇ ਦੋ ਹੱਥ ਕੀਤੇ। ਜੀਵਨ ਇੱਕ ਖੇਡ ਹੈ, ਇਸ ਬਾਜੀ ਨੂੰ ਜੀਅ ਤਾਂ ਹਰ ਕੋਈ ਲੈਂਦਾ ਹੈ, ਪਰ ਮਾਣਦਾ ਕੋਈ ਕੋਈ ਹੈ। ਇਸ ਬਾਜੀ ਨੂੰ ਕਿਸਮਤ ਦੇ ਸਹਾਰੇ ਨਹੀਂ ਛੱਡਿਆ ਜਾ ਸਕਦਾ। ਜਿਵੇਂ ਮੈਂ ਸ਼ੁਰੂਆਤ ਵਿੱਚ ਜ਼ਿਕਰ ਕੀਤਾ ਕਿ ਮਨੁੱਖ ਇਸ ਬ੍ਰਹਿਮੰਡ ਦਾ ਸਰਵਉੱਚ ਪ੍ਰਾਣੀ ਹੈ, ਇਸ ਦੀ ਤਾਕਤ, ਇਸਦਾ ਦ੍ਰਿੜ੍ਹ ਸਕੰਲਪ ਕੁਦਰਤ ਵਿੱਚ ਵੀ ਕਿਸੇ ਤਰ੍ਹਾਂ ਦੀ ਤਬਦੀਲੀ ਕਰ ਸਕਦੀ ਹੈ। ਇਮਤਿਹਾਨ ਹਰ ਇੱਕ ਦੇ ਜੀਵਨ ਵਿੱਚ ਆਉਂਦੇ ਹਨ,ਪਰ ਜਿਹੜੇ ਵੱਡਾ ਜਿਗਰਾ ਕਰਦੇ ਹੋਏ ਉਹਨਾਂ ਦੇ ਹੱਲ ਲੱਭਦੇ ਹਨ, ਉਹ ਜੀਵਨ ਰੂਪੀ ਇਮਤਿਹਾਨ ਨੂੰ ਪਾਸ ਕਰ ਜਾਂਦੇ ਹਨ। ਬਾਕੀ ਲੋਕਾਂ ਲਈ ਪ੍ਰੇਰਨਾ ਸਰੋਤ ਬਣਦੇ ਹਨ। ਇਸਦੇ ਉੱਲਟ ਕੇਵਲ ਕਿਸਮਤ ਦੇ ਸਹਾਰਾ ਲੈਣ ਵਾਲੇ ਹਮੇਸ਼ਾ ਨਤੀਜੇ ਆਉਣ 'ਤੇ ਹੱਥਾਂ ਨੂੰ ਦੰਦੀਆਂ ਵੱਡਦੇ, ਪਛਤਾਉਂਦੇ ਹੀ ਵੇਖੇ ਗਏ ਹਨ।

ਸੋ ਅਸੀਂ ਆਪਣੇ ਜੀਵਨ ਨੂੰ ਕਿਸਮਤ ਦੇ ਭਰੋਸੇ ਨਹੀਂ ਛੱਡ ਸਕਦੇ। ਕਿਸਮਤ, ਹੱਥਾਂ ਦੀ ਲਕੀਰਾਂ ਉਸ ਵੇਲੇ ਬੇਅਰਥ ਹੋ ਜਾਂਦੀਆਂ ਹਨ, ਜਦੋਂ ਤੁਸੀਂ ਹੱਥਾਂ ਤੋਂ ਕੰਮ ਲੈਣਾ ਬੰਦ ਕਰ ਦਿੰਦੇ ਹੋ। ਅੱਜ ਤੱਕ ਕਦੇ ਵੀ ਥਾਲੀ ਵਿੱਚ ਪਈ ਖਾਣੇ ਦੀ ਬੁਰਕੀ ਆਪ ਮੂੰਹ ਵਿੱਚ ਨਹੀਂ ਪਈ, ਉਸਨੂੰ ਤੋੜਣ ਲਈ ਹੱਥ ਹਿਲਾਉਣੇ ਹੀ ਪਏ ਹਨ। ਬਸ ਏਸੇ ਤਰ੍ਹਾਂ ਹੱਥੀਂ ਕਿਰਤ ਕਰਨੀ ਪਵੇਗੀ, ਵੱਡਾ ਹੌਸਲਾ ਕਰ ਚੁਣੌਤੀਆਂ ਦੀ ਧੌਣ ਮਰੋੜਣੀ ਪਵੇਗੀ। ਵਿਹਲੇ ਬੈਠਿਆ ਕਦੇ ਕਾਮਯਾਬੀਆਂ ਨਹੀਂ ਮਿਲਦੀਆਂ।

ਕਿਸਮਤਾਂ ਬਣੀਆਂ ਨਹੀਂ ਬਣਾਈਆਂ ਜਾਂਦੀਆਂ ਹਨ। ਹੱਥਾਂ ਦੀ ਲਕੀਰਾਂ ਆਪ ਘੜਣੀਆਂ ਪੈਂਦੀਆਂ ਹਨ, ਫਿਰ ਕਿਤੇ ਜਾ ਕੇ ਜੀਵਨ ਸਫ਼ਲ ਹੁੰਦੇ ਹਨ।

# ਜਦੋਂ ਅਖਬਾਰ ਨੇ ਵਖਤ ਪਾਇਆ

-ਹਰਪ੍ਰੀਤ ਮੀਤ-

ਪੰਜਵੀਂ ਕਲਾਸ ਪਿੰਡ ਵਾਲੇ ਸਕੂਲ ਤੋਂ ਕਰਨ ਬਾਅਦ ਹਾਈ ਸਕੂਲ ਵਿੱਚ ਛੇਵੀਂ ਕਲਾਸ ਵਿੱਚ ਦਾਖਲਾ ਲੈ ਲਿਆ। ਸਕੂਲ ਵਿੱਚ ਕੁੱਲ ਸੱਤ ਅਧਿਆਪਕ ਸਨ ਜਿਨ੍ਹਾਂ ਵਿੱਚੋਂ ਸਾਇੰਸ ਮਾਸਟਰ ਦਾ ਪ੍ਰਭਾਵ ਮੁਕਾ-ਬਲਤਨ ਜ਼ਿਆਦਾ ਲਗੱਦਾ ਸੀ। ਉਹ ਖਾਲੀ ਪੀਰੀਅਡ ਵਿੱਚ ਬੈਠੇ ਕੁਝ ਨਾ ਕੁਝ ਪੜ੍ਹਦੇ ਰਹਿੰਦੇ ਸਨ। ਅਖਬਾਰ ਉਨ੍ਹਾਂ ਦੇ ਹੱਥ ਵਿੱਚ ਹੀ ਹੁੰਦਾ। ਸਕੂਲ ਵਿੱਚ ਹੋਣ ਵਾਲੀਆਂ ਬਹੁਤ ਸਾਰੀਆਂ ਗਤੀਵਿਧੀਆਂ ਵੀ ਉਹ ਫਾਈਨਲ ਕਰਦੇ ਸਨ। ਸਕੂਲ ਵਿੱਚ ਲਗਾਈਆਂ ਜਾਂਦੀਆਂ ਗਾਈਡਾਂ ਦੇ ਉਹ ਸਖਤ ਖਿਲਾਫ ਸਨ ਅਤੇ ਕਲਾਸ ਵਿੱਚ ਪੜ੍ਹਾਉਂਦੇ ਸਮੇਂ ਉਹ ਕਦੇ ਵੀ ਕਿਤਾਬ ਨਹੀਂ ਸੀ ਚੁੱਕਦੇ। ਬੋਰਡ ਦੀ ਕਿਤਾਬ ਵਿੱਚੋਂ ਹੀ ਪ੍ਰਸ਼ਨਾਂ ਦੇ ਉੱਤਰ ਕੱਢ ਕੱਢ ਲਿਖਵਾਉਂਦੇ ਰਹਿੰਦੇ ਸਨ। ਸਾਇੰਸ ਦਾ ਕੰਮ ਬਾਕਾਇਦਾ ਪ੍ਰੈਕਟੀਕਲ ਕਰਵਾ ਕੇ ਬਹੁਤ ਹੀ ਸਸਤੀਆਂ ਕਾਪੀਆਂ ਉਪਰ ਦਰਜ ਕਰਵਾਉਂਦੇ ਸਨ।

ਸਕੂਲ ਵਿੱਚ ਵਾਪਰੀ ਛੋਟੀ ਜਿਹੀ ਘਟਨਾ ਭੁੱਲਦੀ ਨਹੀਂ। ਸਕੂਲ ਜਾਂਦੇ ਸਮੇਂ ਮੈਨੂੰ ਰਸਤੇ ਵਿਚ ਡੇਰੇ ਵਾਲੀ ਪਹੀ ਤੇ ਡਿੱਗਿਆ ਪਿਆ ਪੁਰਾਣਾ ਅਖਬਾਰ ਦਿਸ ਪਿਆ। ਲੇਟ ਹੋਣ ਦੇ ਡਰੋਂ ਦੌੜ ਤਾਂ ਪਹਿਲਾਂ ਹੀ ਲਗਾਈ ਹੋਈ ਸੀ, ਛੇਤੀ ਛੇਤੀ ਉਹ ਅਖਬਾਰ ਚੁੱਕ ਕੇ ਆਪਣੇ ਝੋਲੇ ਵਿੱਚ ਪਾ ਲਿਆ। ਸਕੂਲ ਪਹੁੰਚ ਕੇ ਆਪਣਾ ਝੋਲਾ ਕਲਾਸ ਵਿੱਚ ਰੱਖ ਕੇ ਤੇਜ਼ੀ ਨਾਲ ਪ੍ਰਾਰਥਨਾ ਸਭਾ ਵਿੱਚ ਜਾਣ ਲੱਗਿਆ ਤਾਂ ਸਾਇੰਸ ਮਾਸਟਰ ਜੀ ਦੀ ਉੱਚੀ ਆਵਾਜ਼ ਸੁਣਾਈ ਦਿੱਤੀ, "ਓਏ ਹਰਪ੍ਰੀਤ ਭੱਜ ਕੇ ਭੱਜ ਕੇ, ਨਹੀਂ ਗਿੱਟੇ ਛਾਂਗ ਦਿਆਂਗਾ ਤੇਰੇ।" ਮੈਨੂੰ ਪਤਾ ਸੀ ਕਿ ਉਨ੍ਹਾਂ ਨੇ ਕੁਝ ਨਹੀਂ ਦੇਖਣਾ, ਸਾਰੀ ਸਭਾ ਅੱਗੇ ਸੇਵਾ ਕਰ ਦੇਣੀ ਐ। ਸੋ, ਮੈਂ ਹਵਾ ਬਣ ਕੇ ਆਪਣੇ ਸਾਥੀਆਂ ਦੇ ਵਿਚਕਾਰ ਜਾ ਖੜ੍ਹਿਆ।

ਪਹਿਲਾ ਪੀਰੀਅਡ ਪੰਜਾਬੀ ਦਾ ਸੀ। ਮੈਡਮ ਪੀਰੀਅਡ ਲਗਾ ਕੇ ਅੱਗੇ ਨਿਕਲ ਗਏ ਤੇ ਜਾਂਦੇ ਹੋਏ ਕਹਿੰਦੇ, "ਤੁਹਾਡੀ ਕਲਾਸ ਵਿੱਚ ਮੁਸ਼ਕ ਬਹੁਤ ਆਉਂਦਾ ਹੈ, ਕੌਣ ਐ ਜਿਹੜਾ ਅੱਜ ਹੱਗ ਕੇ ਨਹੀ ਆਇਆ?" ਸਾਰੇ ਜਣੇ ਚੁੱਪ। ਦੂਸਰਾ ਪੀਰੀਅਡ ਗਣਿਤ ਦਾ ਸੀ। ਗਣਿਤ ਵਾਲੇ ਮੈਡਮ ਨੇ ਵੀ ਆਣ ਕੇ ਇਹੀ ਗੱਲ ਪੁੱਛੀ, "ਅੱਜ ਥੋਡੇ ਵਿੱਚੋਂ ਕੌਣ ਮੁਸ਼ਕਖਾਨਾ ਨਾਲ ਲਿਆਇਐ? ਆਪਣੇ ਆਪ ਬਾਹਰ ਆ ਜਾਵੋ, ਨਹੀਂ ਸਾਇੰਸ ਮਾਸਟਰ ਜੀ ਆ ਕੇ ਆਪਣੇ ਆਪ ਬਾਹਰ ਕੱਢ ਲੈਣਗੇ, ਫੇਰ ਨਾ ਆਖਣਾ ਛਿੱਤਰ ਪੈ ਗਏ।" ਫਿਰ ਵੀ ਕੋਈ ਬਾਹਰ ਨਹੀਂ ਆਇਆ ਤੇ ਮੈਡਮ ਦਫਤਰ ਚਲੇ ਗਏ। ਹੁਣ ਸਭ ਨੂੰ ਧੁੜਕੂ ਜਿਹਾ ਲੱਗ ਗਿਆ। ਸੱਚੀ ਗੱਲ ਸੀ, ਸਾਇੰਸ ਮਾਸਟਰ ਜੀ ਆਪਣੇ ਤਰਕ ਨਲ ਗਲਤੀ ਕਰਨ ਵਾਲੇ ਬੱਚੇ ਨੂੰ ਬਹੁਤ ਆਰਾਮ ਨਾਲ ਫੜ ਲੈਂਦੇ ਸਨ। ਇੰਨੇ ਨੂੰ ਉਹ ਕਲਾਸ ਵਿੱਚ ਆ ਗਏ। ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਕਲਾਸ ਤੋਂ ਬਾਹਰ ਭੇਜ ਦਿੱਤਾ। ਅਸੀਂ ਸਾਰੇ ਵੱਡੀ ਨਿੰਮ ਥੱਲੇ ਜਾ ਖੜ੍ਹੇ ਹੋਏ। ਉਨ੍ਹਾਂ ਸਾਰਿਆਂ ਨੂੰ ਚੈੱਕ ਕੀਤਾ ਅਤੇ ਬਾਕੀ ਸਟਾਫ ਵੱਲ ਮੁੜਦੇ ਹੋਏ ਬੋਲੇ, "ਇੱਥੇ ਤਾਂ ਸਭ ਠੀਕ ਹੈ।"

ਫਿਰ ਉਨ੍ਹਾਂ ਨੇ ਸਾਡੀ ਕਲਾਸ ਦੇ ਵਿੱਕੀ ਤੇ ਦਿਲਬਾਗ ਨੂੰ ਹੁਕਮ ਲਾਇਆ ਕਿ ਸਭ ਦੇ ਬਸਤੇ ਚੈੱਕ ਕਰੋ। ਪੰਦਰਾਂ ਕੁ ਮਿੰਟ ਬਾਅਦ ਉਹ ਮੇਰਾ ਪੀਲੇ ਰੰਗ ਦਾ ਗੱਟੂ ਵਾਲਾ ਝੋਲਾ ਹੱਥ ਵਿੱਚ ਫੜ ਕੇ ਬਾਹਰ ਚੁੱਕੀ ਆ ਰਹੇ ਸਨ। ਦਿਲਬਾਗ ਮੇਰੇ ਨੇੜੇ ਆ ਕੇ ਕਹਿੰਦਾ, "ਓਏ ਤੇਰੇ ਝੋਲੇ ਵਿੱਚੋਂ ਬੰਬ ਨਿਕਲਿਆ, ਆ ਜਾ ਬੱਚੂ! ਦੇਖ ਤੇਰੀ ਰੇਲ ਕਿਵੇਂ ਬਣਦੀ ਐ।"

ਉਹਦੀ ਗੱਲ ਸੁਣ ਕੇ ਸਾਰੀ ਕਲਾਸ ਮੇਰੇ ਵੱਲ ਹੋਰ ਹੀ ਨਜ਼ਰਾਂ ਨਾਲ ਦੇਖਣ ਲੱਗ ਪਈ। ਮੈਂ ਪੂਰੀ ਤਰ੍ਹਾਂ ਡਰ ਗਿਆ। ਬਰਾਂਡੇ ਵਿੱਚ ਖੜ੍ਹੇ ਸਾਇੰਸ ਮਾਸਟਰ ਜੀ ਬੋਲੇ, "ਓਏ ਉੱਲੂਆ, ਆਹ ਕੀ ਬਸਤੇ ਵਿੱਚ ਪਾਈ ਫਿਰੀ ਜਾਨੈਂ? ਇਹ ਤੂੰ ਪਾਇਆ ਜਾਂ ਕਿਸੇ ਨੇ ਤੇਰੇ ਨਾਲ ਸ਼ਰਾਰਤ ਕੀਤੀ ਐ?" ਮੇਰੇ ਸਾਹ-ਮਣੇ ਉਹੀ ਅਖਬਾਰ ਪਿਆ ਸੀ। ਮੈਂ ਡਰਦੇ ਡਰਦੇ ਕਿਹਾ, "ਨਹੀਂ ਸੀ, ਇਹ ਤਾਂ ਮੈਂ ਆਪ ਹੀ ਪਾਇਆ ਸੀ।"

"ਅੱਛਾ ਫਿਰ ਤੈਨੂੰ ਪਤੈ, ਇਹਦੇ ਵਿੱਚ ਕੀ ਐ?"

"ਨਹੀਂ ਜੀ।"

"ਓਏ ਗਧੇ, ਇਹਦੇ ਵਿੱਚ ਗੰਦ ਪਾ ਕੇ ਸੁੱਟਿਆ ਹੋਇਆ ਸੀ, ਇਸੇ ਕਰ ਕੇ ਸਾਰੀ ਕਲਾਸ ਵਿੱਚ ਇੰਨਾ ਮੁਸ਼ਕ ਆਉਂਦਾ ਸੀ। ਤੂੰ ਆਪ ਸੁੱਤਾ ਪਿਆ ਸੀ। ਤੈਨੂੰ ਆਪ ਨੂੰ ਮੁਸ਼ਕ ਨਹੀਂ ਆਇਆ?" ਮੈਂ ਚੁੱਪ ਕਰ ਕੇ ਖੜ੍ਹਾ ਸੀ।

"ਕੀ ਕਰਨ ਨੂੰ ਕਰਨ ਨੂੰ ਚੁੱਕਿਆ ਸੀ ਇਹੇ?"

"ਸਰ ਜੀ, ਮੈਂ ਇਹ ਪੜ੍ਹਨਾ ਸੀ। ਸੋਚਿਆ ਸੀ, ਜਦੋਂ ਟਾਇਮ ਲੱਗਿਆ ਤਾਂ ਪੜ੍ਹ ਲਊਂਗਾ।" ਮੈਂ ਨੀਵੇਂ ਸਿਰ ਨਾਲ ਮਸਾਂ ਜਵਾਬ ਦਿੱਤਾ।

"ਪੜ੍ਹਨਾ ਸੀ?" ਹੈਰਾਨੀ ਜਿਹੀ ਨਾਲ ਮੈਨੂੰ ਸਵਾਲ ਕਰ ਕੇ ਜਵਾਬ ਉਡੀਕੇ ਬਿਨਾਂ ਹੀ ਉਹ ਮੋਢੇ 'ਤੇ ਹੱਥ ਰੱਖਦਿਆਂ ਬੋਲੇ, "ਗੱਲ ਸੁਣ, ਜੇ ਅਖਬਾਰ ਪੜ੍ਹਨਾ ਹੁੰਦੈ, ਤਾਂ ਅੰਦਰੋਂ ਅਖਬਾਰ ਲੈ ਲਿਆ ਕਰ। ਠੀਕ ਐ? ਜੇ ਅੱਗੇ ਤੋਂ ਇਹੋ ਜਿਹੀ ਗੱਲ ਕੀਤੀ ਤਾਂ ਦੇਖੀ ਤੇਰੀ ਧੌੜੀ ਲਾਹੁੰਦਾ।" ਮੈਂ ਨੀਵਾਂ ਕੀਤਾ ਸਿਰ ਹਿਲਾ ਦਿੱਤਾ। ਮੇਰੇ ਦੇਖਦੇ ਦੇਖਦੇ ਸਾਰੀ ਕਲਾਸ ਅੰਦਰ ਜਾ ਵੜੀ।

"ਚੱਲ ਹੁਣ ਜਾਹ ਕਲਾਸ ਵਿੱਚ।" ਇੰਨੀ ਗੱਲ ਆਖ ਕੇ ਉਹ ਦਫਤਰ ਵਿੱਚ ਚਲੇ ਗਏ। ਸਾਰੇ ਹੈਰਾਨ ਪ੍ਰੇਸ਼ਾਨ, ਕਿ ਇਸ ਦੇ ਕੁੱਟ ਕਿਉਂ ਨਹੀਂ ਪਈ। ਅੰਦਰਲੀ ਗੱਲ ਕਿਸੇ ਨੂੰ ਨਹੀਂ ਪਤਾ ਸੀ। ਮੈਂ ਆਪਣਾ ਪਾਟਿਆ ਜਿਹਾ ਬਸਤਾ ਚੁੱਕ ਕੇ ਆਪਣੇ ਸਾਥੀਆਂ ਦੇ ਵਿਚਕਾਰ ਜਾ ਬੈਠਿਆ।

ਇਸ ਤੋਂ ਬਾਅਦ ਮੈਂ ਰੋਜ਼ ਕਮਰੇ ਵਿੱਚੋਂ ਅਖਬਾਰ ਚੁੱਕ ਕੇ ਲੈ ਜਾਂਦਾ ਤੇ ਪੜ੍ਹ ਕੇ ਰੱਖ ਦਿੰਦਾ। ਜਦੋਂ ਮੇਰਾ ਪਹਿਲਾ ਨਾਵਲ 'ਜੰਗਲ ਦਾ ਇਨਸਾਨ' ਛਪਿਆ ਤਾਂ ਮੈਂ ਉਹ ਮੇਰੇ ਇਸੇ ਅਧਿਆਪਕ ਅਤੇ ਕਹਾਣੀਕਾਰ ਜਗਮੀਤ ਸਿੰਘ ਪੰਧੇਰ ਜੀ ਨੂੰ ਸਮਰਪਿਤ ਸੀ। ਉਸ ਘਟਨਾ ਨੇ ਮੇਰੇ ਅੰਦਰ ਪੜ੍ਹਨ ਦਾ ਸ਼ੌਕ ਜਗਾ ਦਿੱਤਾ ਸੀ।




# ਉਜਾੜੇ ਦਾ ਖੌਫ ਵਿਚ ਗੁਜਰਾਤ ਦੇ ਪੰਜਾਬੀ ਕਿਸਾਨਾਂ ਨੇ ਭਗਵੰਤ ਮਾਨ ਉਤੇ ਟੇਕ ਲਾਈ



ਚੰਡੀਗੜ੍ਹ, 4 ਅਪ੍ਰੈਲ (ਪੋਸਟ ਬਿਊਰੋ)- ਗੁਜਰਾਤ 'ਚ ਉਜਾੜੇ ਦਾ ਖੌਫ ਝੱਲ ਰਹੇ ਪੰਜਾਬੀ ਕਿਸਾਨਾਂ ਨੇ ਹੁਣ ਨਵੇਂ ਮੁੱਖ ਮੰਤਰੀ ਭਗਵੰਤ ਮਾਨ 'ਤੇ ਟੇਕ ਲਾਈ ਹੈ। ਗੁਜਰਾਤ 'ਚ ਆਪ ਦੇ ਦੋ ਦਿਨਾਂ ਪ੍ਰੋਗਰਾਮਾਂ ਵਿੱਚ ਪੁੱਜੇ ਭਗਵੰਤ ਮਾਨ ਨੂੰ ਉਨ੍ਹਾਂ ਅਪੀਲ ਕੀਤੀ ਕਿ ਉਹ ਪੰਜਾਬੀ ਕਿਸਾਨਾਂ 'ਤੇ ਉਜਾੜੇ ਦੀ ਲਟਕ ਰਹੀ ਤਲਵਾਰ ਤੋਂ ਮੁਕਤੀ ਦਿਵਾਉਣ। ਬੇਸ਼ੱਕ ਇਨ੍ਹਾਂ ਪੰਜਾਬੀ ਕਿਸਾਨਾਂ ਦੀ ਮੁਲਾਕਾਤ ਭਗਵੰਤ ਮਾਨ ਨਾਲ ਨਹੀਂ ਹੋ ਸਕੀ ਹੈ, ਪਰ ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ। ਜ਼ਿਕਰਯੋਗ ਹੈ ਕਿ ਆਪ ਨੇ ਪੰਜਾਬ ਤੋਂ ਬਾਅਦ ਹੁਣ 'ਗੁਜਰਾਤ ਮਿਸ਼ਨ' ਦੀ ਸ਼ੁਰੂਆਤ ਕੀਤੀ ਹੈ।

ਭੁਜ ਖਿੱਤੇ ਦੇ ਪਿੰਡ ਨਰੋਣਾ ਦੇ ਕਿਸਾਨ ਬਿੱਕਰ ਸਿੰਘ ਨੇ ਕਿਹਾ ਕਿ ਦਹਾਕਿਆਂ ਤੋਂ ਬੈਠੇ ਕਿਸਾਨ ਹਾਲੇ ਵੀ ਗੁਜਰਾਤ ਵਿੱਚ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਆਪਣੀਆਂ ਜ਼ਮੀਨਾਂ ਖੁੱਸਣ ਦਾ ਡਰ ਸਤਾ ਰਿਹਾ ਹੈ, ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਦੀ ਬਾਂਹ ਫੜੇ ਅਤੇ ਗੁਜਰਾਤ ਸਰਕਾਰ ਤੋਂ ਉਨ੍ਹਾਂ ਦੀ ਮੰਗ ਪੂਰੀ ਕਰਾਵੇ। ਪਿੰਡ ਜੁਰਾ ਦੇ ਚਮਕੌਰ ਸਿੰਘ ਨੂੰ ਇਸ ਗੱਲ ਦਾ ਦੁੱਖ ਹੈ ਕਿ ਗੁਜਰਾਤ ਵਿੱਚ ਉਨ੍ਹਾਂ ਨੂੰ ਬਾਹਰਲੇ ਹੋਣ ਦਾ ਸੰਤਾਪ ਝੱਲਣਾ ਪੈ ਰਿਹਾ ਹੈ।

ਵੇਰਵਿਆਂ ਅਨੁਸਾਰ ਗੁਜਰਾਤ ਵਿੱਚ ਕਰੀਬ ਪੰਜ ਹਜ਼ਾਰ ਪੰਜਾਬੀ ਕਿਸਾਨਾਂ ਦੇ ਪਰਵਾਰ ਹਨ ਜਿਨ੍ਹਾਂ ਨੂੰ ਕਾਫੀ ਲੰਮੇ ਅਰਸੇ ਤੋਂ ਜ਼ਮੀਨਾਂ ਬਚਾਉਣ ਦੀ ਲੜਾਈ ਲੜਨੀ ਪੈ ਰਹੀ ਹੈ। ਜ਼ਿਕਰਯੋਗ ਹੈ ਕਿ ਮਰਹੂਮ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ 1964 ਵਿੱਚ 'ਜੈ ਜਵਾਨ ਜੈ ਕਿਸਾਨ' ਦੇ ਨਾਅਰੇ ਤਹਿਤ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਭੁਜ ਖੇਤਰ ਵਿੱਚ ਜ਼ਮੀਨਾਂ ਅਲਾਟ ਕੀਤੀਆਂ ਸਨ। ਕਰੀਬ 20 ਹਜ਼ਾਰ ਏਕੜ ਜ਼ਮੀਨ ਪੰਜਾਬੀ ਕਿਸਾਨਾਂ ਦੇ ਕੋਲ ਹੈ। ਗੁਜਰਾਤ ਸਰਕਾਰ ਨੇ ਪੰਜਾਬੀ ਕਿਸਾਨਾਂ ਦੀ ਜ਼ਮੀਨ ਦੀ ਮਾਲਕੀ 'ਤੇ ਮਾਲ ਵਿਭਾਗ ਦੇ ਰਿਕਾਰਡ ਵਿੱਚ ਰੈਡ ਐਂਟਰੀ ਪਾ ਦਿੱਤੀ ਹੈ। ਉਸ ਮਗਰੋਂ ਕਿਸਾਨਾਂ ਨੇ ਹਾਈ ਕੋਰਟ ਵਿੱਚ ਕੇਸ ਦਾਇਰ ਕਰ ਦਿੱਤਾ ਸੀ ਜਿੱਥੋਂ ਉਨ੍ਹਾਂ ਨੂੰ ਰਾਹਤ ਮਿਲ ਗਈ ਸੀ। ਗੁਜਰਾਤ ਸਰਕਾਰ ਨੇ ਕਿਸਾਨਾਂ ਦੇ ਹੱਕ ਵਿੱਚ ਆਏ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇ ਦਿੱਤੀ ਸੀ। ਗੁਜਰਾਤ ਦੇ ਭੂ-ਮਾਫੀਏ ਵੱਲੋਂ ਕਈ ਦਫਾ ਪੰਜਾਬੀ ਕਿਸਾਨਾਂ 'ਤੇ ਹਮਲੇ ਕੀਤੇ ਜਾ ਚੁੱਕੇ ਹਨ।

ਚੇਤੇ ਰਹੇ ਕਿ ਨਰਿੰਦਰ ਮੋਦੀ ਨੇ 23 ਫਰਵਰੀ 2014 ਨੂੰ ਜਗਰਾਓਂ ਵਿੱਚ 'ਫਤਹਿ ਰੈਲੀ' ਦੌਰਾਨ ਇਹ ਵਾਅਦਾ ਕੀਤਾ ਸੀ ਕਿ ਕਿਸੇ ਵੀ ਸਿੱਖ ਕਿਸਾਨ ਨੂੰ ਗੁਜਰਾਤ 'ਚੋਂ ਉਜੜਨ ਨਹੀਂ ਦਿੱਤਾ ਜਾਵੇਗਾ। ਮਾਰਚ 2019 ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਚੇਚੇ ਤੌਰ 'ਤੇ ਗੁਜਰਾਤ ਪੁੱਜੇ ਸਨ ਜਿੱਥੇ ਉਨ੍ਹਾਂ ਸਟੇਜ ਤੋਂ ਨਰਿੰਦਰ ਮੋਦੀ ਨੂੰ ਅਸ਼ੀਰਵਾਦ ਦਿੱਤਾ ਸੀ। ਉਦੋਂ ਇਹ ਪੰਜਾਬੀ ਕਿਸਾਨ ਨਾਰਾਜ਼ ਹੋ ਗਏ ਸਨ ਕਿਉਂਕਿ ਬਾਦਲ ਨੇ ਪੰਜਾਬੀ ਕਿਸਾਨਾਂ ਦਾ ਮਾਮਲਾ ਨਹੀਂ ਉਠਾਇਆ ਸੀ। ਗੁਜਰਾਤ ਦੇ ਕੁਠਾਰਾ ਇਲਾਕੇ ਵਿੱਚ ਕਰੀਬ ਤਿੰਨ ਹਜ਼ਾਰ ਪੰਜਾਬੀ ਕਿਸਾਨ ਪਰਵਾਰ ਹਨ, ਜਿਨ੍ਹਾਂ 'ਚੋਂ ਜਸਵਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਫੇਰੀ ਦਾ ਕਾਫੀ ਲੇਟ ਪਤਾ ਲੱਗਾ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੂੰ ਚਾਹੀਦਾ ਹੈ ਕਿ ਉਹ ਗੁਜਰਾਤ ਵਿਚਲੇ ਪੰਜਾਬੀ ਕਿਸਾਨਾਂ ਦਾ ਦਰਦ ਸਮਝਣ ਅਤੇ ਬਤੌਰ ਮੁੱਖ ਮੰਤਰੀ ਇਹ ਮਸਲਾ ਗੁਜਰਾਤ ਸਰਕਾਰ ਕੋਲ ਉਠਾਉਣ।

ਕਿਸਾਨਾਂ ਨੇ ਦੱਸਿਆ ਕਿ ਦਸੰਬਰ 2021 ਵਿੱਚ ਭੁਜ ਇਲਾਕੇ ਵਿੱਚ ਗੁਜਰਾਤ ਦੇ ਮੁੱਖ ਮੰਤਰੀ ਆਏ ਸਨ, ਜਿਨ੍ਹਾਂ ਕੋਲ ਉਹ ਆਪਣਾ ਦੁੱਖ ਰੋ ਚੁੱਕੇ ਹਨ। ਪਿੰਡ ਮਾਂਡਵੀ ਦੇ ਸੁਰਿੰਦਰ ਸਿੰਘ ਨੇ ਕਿਹਾ ਕਿ ਉਹ ਸਮੇਂ-ਸਮੇਂ 'ਤੇ ਘੱਟ ਗਿਣਤੀ ਕਮਿਸ਼ਨ ਕੋਲ ਵੀ ਮਾਮਲਾ ਉਠਾ ਚੁੱਕੇ ਹਨ, ਪਰ ਕਿਸੇ ਨੇ ਵੀ ਕਿਸਾਨਾਂ ਦੀ ਬਾਂਹ ਨਹੀਂ ਫੜੀ ਹੈ। ਜਦੋਂ ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨੀ ਅੰਦੋਲਨ ਚੱਲਿਆ ਸੀ ਤਾਂ ਗੁਜਰਾਤ ਦੇ ਇਨ੍ਹਾਂ ਪੰਜਾਬੀ ਕਿਸਾਨਾਂ ਨੇ ਵੀ ਹਾਜ਼ਰੀ ਲੁਆਈ ਸੀ।

ਹੋਰ ਮਿਲੀ ਜਾਣਕਾਰੀ ਅਨੁਸਾਰ ਗੁਜਰਾਤ ਫੇਰੀ ਦੇ ਦੂਜੇ ਤੇ ਆਖਰੀ ਦਿਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਹਿਮਦਾਬਾਦ ਵਿੱਚ ਸਥਾਨਕ ਸਿੱਖ ਸਮਾਜ ਦੇ ਲੋਕਾਂ ਤੇ ਉਘੀਆਂ ਸ਼ਖਸੀਅਤਾਂ ਨੂੰ ਮਿਲੇ। ਸਿੱਖਾਂ ਨੇ ਮਾਨ ਨੂੰ ਪੰਜਾਬ ਅਸੈਂਬਲੀ ਚੋਣਾਂ ਵਿੱਚ ਮਿਲੀ ਸ਼ਾਨਦਾਰ ਜਿੱਤ ਲਈ ਵਧਾਈ ਦਿੱਤੀ। ਸਿੱਖ ਨੁਮਾਇੰਦਿਆਂ ਨੇ ਮੁੱਖ ਮੰਤਰੀ ਨੂੰ ਭਾਈਚਾਰੇ ਨੂੰ ਦਰਪੇਸ਼ ਮੁਸ਼ਕਲਾਂ ਤੋਂ ਵੀ ਜਾਣੂ ਕਰਵਾਇਆ। ਭਾਈਚਾਰੇ ਨੇ ਫੁੱਲਾਂ ਦੇ ਗੁਲਦਸਤੇ ਦੇ ਕੇ ਮਾਨ ਨੂੰ ਜੀ ਆਇਆਂ ਕਿਹਾ।

# ਐਮ ਬੀ ਬੀ ਐਸ ਵਿਦਿਆਰਥੀਆਂ ਨੂੰ ਵੈਦ ਚਰਕ ਦੀ ਸਹੁੰ ਚੁਕਵਾਉਣ ਦਾ ਵਿਰੋਧ

ਲੁਧਿਆਣਾ, 4 ਅਪ੍ਰੈਲ (ਪੋਸਟ ਬਿਊਰੋ)- ਕੇਂਦਰ ਸਰਕਾਰ ਅਧੀਨ ਨੈਸ਼ਨਲ ਮੈਡੀਕਲ ਕਮਿਸ਼ਨ ਵੱਲੋਂ ਦੇਸ਼ ਦੀ ਡਾਕਟਰੀ ਸਿੱਖਿਆ ਦਾ ਭਗਵਾਂਕਰਨ ਕਰਨ ਲਈ ਮੈਡੀਕਲ ਕਾਲਜਾਂ ਵਿੱਚ ਪੜ੍ਹਦੇ ਐਮ ਬੀ ਬੀ ਐਸ ਵਿਦਿਆਰਥੀਆਂ ਨੂੰ ਸਮਾਜ ਤੇ ਮਰੀਜ਼ਾਂ ਦੀ ਸੇਵਾ ਕਰਨ ਲਈ ਚੁਕਵਾਈ ਜਾ ਰਹੀ ਸਹੁੰ ਦੀ ਥਾਂ ਵੈਦ ਚਰਕ ਦੀ ਸਹੁੰ ਚੁਕਵਾਉਣ ਲਈ ਸਿਫਾਰਸ਼ ਕੀਤੀ ਗਈ ਹੈ, ਜਿਸ ਦਾ ਵੱਖ-ਵੱਖ ਬੁੱਧੀਜੀਵੀਆਂ ਸਮੇਤ ਡਾਕਟਰ ਜਥੇਬੰਦੀਆਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ। ਦੇਸ਼ ਦੇ ਡਾਕਟਰਾਂ ਦੀ ਸਿਰਮੌਰ ਜਥੇਬੰਦੀ ਪ੍ਰਣਾਲੀ (ਐਲੋਪੈਥੀ) ਦੇ ਨਵੇਂ ਐਮ ਬੀ ਬੀ ਐਸ ਗ੍ਰੈਜੂਏਟਾਂ ਲਈ 'ਹਿਪੋਕ੍ਰੇਟਿਕ ਓਥ' ਨੂੰ 'ਚਰਕ ਸ਼ਪਥ' ਵਿੱਚ ਬਦਲਣ ਦੇ ਨੈਸ਼ਨਲ ਮੈਡੀਕਲ ਕਮਿਸ਼ਨ ਦੇ ਫ਼ੈਸਲੇ ਦਾ ਸਖ਼ਤ ਨੋਟਿਸ ਲਿਆ ਹੈ।

ਜਥੇਬੰਦੀਆਂ ਦੇ ਕੌਮੀ ਪ੍ਰਧਾਨ ਡਾ. ਐਸ ਐਸ ਸੂਦਨ, ਡਾ. ਅਰੁਣ ਮਿੱਤਰਾ ਸੀਨੀਅਰ ਮੀਤ ਪ੍ਰਧਾਨ ਅਤੇ ਡਾ. ਸ਼ਕੀਲ ਉਰ ਰਹਿਮਾਨ ਜਨਰਲ ਸਕੱਤਰ ਨੇ ਕਿਹਾ ਕਿ ਈਸਾ ਤੋਂ 300 ਸਾਲ ਪਹਿਲਾਂ ਹੋਏ ਵੈਦ ਚਰਕ ਦੇ ਸਮੇਂ ਜੋ ਗੱਲਾਂ ਆਦਰਸ਼ ਸਨ, ਉਨ੍ਹਾਂ ਦਾ ਵਰਤਮਾਨ ਸਮੇਂ ਵਿੱਚ ਵੀ ਆਦਰਸ਼ ਹੋਣ ਜ਼ਰੂਰੀ ਨਹੀਂ ਹੈ। ਵਲਡ ਮੈਡੀਕਲ ਐਸੋਸੀਏਸ਼ਨ ਵੱਲੋਂ ਇੱਕ ਆਧੁਨਿਕ ਮੈਡੀਕਲ ਸਹੁੰ ਤਿਆਰ ਕੀਤੀ ਗਈ ਹੈ, ਜੋ ਸੰਸਾਰ ਪੱਧਰ 'ਤੇ ਡਾਕਟਰਾਂ ਲਈ ਢੁਕਵੀਂ ਹੈ।ਜੀ ਆਰ ਡੀ ਪੈਰਾਮੈਡੀਕਲ ਸਾਇੰਸਜ ਇੰਸਟੀਚਿਊਟ ਲੁਧਿਆਣਾ ਦੇ ਮੁੱਖ ਪ੍ਰਬੰਧਕ ਹਰਦੇਵ ਸਿੰਘ ਢੋਲਣ ਨੇ ਕਿਹਾ ਕਿ ਕਮਿਸ਼ਨ ਵੱਲੋਂ ਜਾਰੀ ਸਿਫਾਰਸ਼ ਮੁਤਾਬਕ ਐਮ ਬੀ ਬੀ ਐਸ ਵਿਦਿਆਰਥੀਆਂ ਨੂੰ ਹਰ ਸਾਲ 12 ਜੂਨ ਤੋਂ ਲੈ ਕੇ 21 ਜੂਨ ਤਕ ਜਿਸ ਦਿਨ ਕੌਮਾਂਤਰੀ ਯੋਗ ਦਿਵਸ ਹੈ, ਯੋਗ ਕਰਨਾ ਲਾਜ਼ਮੀ ਬਣਾਉਣਾ ਉਚਿਤ ਨਹੀਂ ਜਾਪਦਾ। ਵੱਖ-ਵੱਖ ਡਾਕਟਰਾਂ ਦਾ ਕਹਿਣਾ ਹੈ ਕਿ ਰਾਜਸੱਤਾ 'ਤੇ ਕਾਬਜ਼ ਲੋਕ ਜਦੋਂ ਬਿਮਾਰ ਹੁੰਦੇ ਹਨ ਤਾਂ ਉਹ ਏਮਜ਼ ਵਰਗੇ ਹਸਪਤਾਲਾਂ ਜਾਂ ਅਮਰੀਕਾ ਦੇ ਹਸਪਤਾਲਾਂ ਵਿੱਚ ਇਲਾਜ ਲਈ ਦਾਖਲ ਹੁੰਦੇ ਹਨ, ਜਦਕਿ ਦੇਸ਼ ਦੇ ਆਮ ਲੋਕਾਂ ਨੂੰ ਉਹ ਪੁਰਾਤਨ ਸਮੇਂ ਦੀ ਇਲਾਜ ਅਪਨਾਉਣ ਦੀ ਸਿਫਾਰਸ਼ ਕਰਦੇ ਹੋਏ, ਜੋ ਦੇਸ਼ ਦੇ ਲੋਕਾਂ ਨਾਲ ਸਰਾਸਰ ਧੋਖਾ ਹੈ।

# ਪੰਜਾਬ 'ਚ ਠੇਕਿਆਂ ਦੀ ਗਿਣਤੀ ਸਕੂਲਾਂ ਤੇ ਧਾਰਮਿਕ ਅਦਾਰਿਆਂ ਨਾਲੋਂ ਕਿਤੇ ਵੱਧ

ਸੰਗਰੂਰ, 4 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਸਰਕਾਰ ਕੋਲ ਆਮਦਨ ਦਾ ਮੁੱਖ ਜ਼ਰੀਆ ਸ਼ਰਾਬ ਹੈ। ਸ਼ਰਾਬ ਦੀ ਆਮਦਨ ਤੋਂ ਇਕੱਤਰ ਹੋਏ ਮਾਲੀਏ ਨਾਲ ਪੰਜਾਬ ਦੇ ਖ਼ਜ਼ਾਨੇ ਨੂੰ ਭਰਿਆ ਜਾਂਦਾ ਰਿਹਾ ਹੈ। ਪੰਜਾਬ ਵਿੱਚ ਇਸ ਵੇਲੇ ਤਕਰੀਬਨ 12,581 ਪਿੰਡ ਹਨ ਜਿਨ੍ਹਾਂ ਵਿੱਚ 12 ਹਜ਼ਾਰ ਤੋਂ ਵੱਧ ਠੇਕੇ ਹਨ ਜਦਕਿ ਸ਼ਹਿਰਾਂ, ਨਗਰ ਪੰਚਾਇਤਾਂ, ਨਗਰ ਕੌਂਸਲਾਂ ਅਤੇ ਨਗਰ ਕਾਰਪੋਰੇਸ਼ਨਾਂ ਵਿੱਚ ਖੋਲ੍ਹੇ ਗਏ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਇਨ੍ਹਾਂ ਨਾਲੋਂ ਵੱਖਰੀ ਹੈ। ਪਿੰਡਾਂ ਅਤੇ ਸ਼ਹਿਰਾਂ ਵਿੱਚ ਆਮ ਘਰਾਂ ਤੋਂ ਸਕੂਲ ਅਤੇ ਹਸਪਤਾਲ ਦੂਰ ਹਨ ਜਦਕਿ ਸ਼ਰਾਬ ਦੇ ਠੇਕੇ ਨੇੜੇ ਹਨ।

ਪੰਜਾਬ ਵਿੱਚ ਇਸ ਸਮੇਂ 12,880 ਪ੍ਰਾਇਮਰੀ ਸਕੂਲ, 2670 ਮਿਡਲ ਸਕੂਲ, 1740 ਹਾਈ ਸਕੂਲ ਅਤੇ 1972 ਸੀਨੀਅਰ ਸੈਕੰਡਰੀ ਸਕੂਲ ਹਨ ਜਦਕਿ ਸੂਬੇ ਅੰਦਰ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਵੀ ਸਕੂਲਾਂ-ਕਾਲਜਾਂ ਦੀ ਗਿਣਤੀ ਦੇ ਨੇੜੇ-ਨੇੜੇ ਹੀ ਨਹੀਂ ਬਲਕਿ ਵੱਧ ਹੈ। ਇਸੇ ਤਰ੍ਹਾਂ ਪੰਜਾਬ ਵਿੱਚ ਵੱਖ-ਵੱਖ ਧਰਮਾਂ ਅਤੇ ਮਜ਼੍ਹਬਾਂ ਨਾਲ ਸਬੰਧ ਰੱਖਦੇ ਡੇਰਿਆਂ ਦੀ ਗਿਣਤੀ 2006-07 ਦੇ ਇੱਕ ਸਰਵੇ ਮੁਤਾਬਕ ਲੱਗਭਗ 9000 ਨੋਟ ਕੀਤੀ ਗਈ ਸੀ ਪਰ ਹੁਣ 15 ਸਾਲ ਬੀਤਣ ਉਪਰੰਤ ਇਨ੍ਹਾਂ ਦੀ ਗਿਣਤੀ ਵਿੱਚ ਵੀ ਯਕੀਨਨ ਵਾਧਾ ਹੋ ਚੁੱਕਾ ਹੋਵੇਗਾ ਪਰ ਫਿਰ ਵੀ ਇਨ੍ਹਾਂ ਦੀ ਗਿਣਤੀ ਸ਼ਰਾਬ ਦੇ ਠੇਕਿਆਂ ਨਾਲੋਂ ਕਾਫ਼ੀ ਘੱਟ ਹੈ। ਸੂਬੇ ਦੇ 12,581 ਪਿੰਡਾਂ ਵਿੱਚ ਘੱਟੋ ਘੱਟ ਇੱਕ ਗੁਰਦੁਆਰਾ ਸਾਹਿਬ ਜ਼ਰੂਰ ਹੈ ਪਰ 10-15 ਫ਼ੀਸਦੀ ਪਿੰਡਾਂ ਵਿੱਚ ਦੋ ਜਾਂ ਦੋ ਤੋਂ ਵੱਧ ਗੁਰਦੁਆਰੇ ਹਨ।ਪੰਜਾਬ ਵਿੱਚ ਕਈ ਪਿੰਡ ਅਜਿਹੇ ਵੀ ਹਨ ਜਿੱਥੇ ਕੋਈ ਵੀ ਗੁਰਦੁਆਰਾ ਸਾਹਿਬ ਅਤੇ ਕੋਈ ਵੀ ਸਕੂਲ ਨਹੀਂ ਪਰ ਉਥੇ ਸ਼ਰਾਬ ਦਾ ਠੇਕਾ ਜ਼ਰੂਰ ਹੈ।



# ਪਾਵਨ ਸਰੂਪ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਤਿੰਨ ਮੁਲਾਜ਼ਮ ਮੁੜ ਕੇ ਸਸਪੈਂਡ

ਅੰਮ੍ਰਿਤਸਰ, 4 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਨੌਕਰੀ 'ਤੇ ਬਹਾਲ ਕੀਤੇ ਤਿੰਨ ਮੁਲਾਜ਼ਮਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁੜ ਮੁਅੱਤਲ ਕਰ ਦਿੱਤਾ ਹੈ। ਕਮੇਟੀ ਨੇ ਮੁਲਾਜ਼ਮਾਂ ਖਿਲਾਫ ਦੋਸ਼ ਪੱਤਰ ਤਿਆਰ ਕੀਤਾ ਹੈ। ਦੂਜੇ ਪਾਸੇ ਮੁਲਾਜ਼ਮਾਂ ਨੇ ਕਿਹਾ ਕਿ ਉਨ੍ਹਾਂ ਨੂੰ ਨਾ ਤਾਂ ਨੌਕਰੀ 'ਤੇ ਬਹਾਲ ਕੀਤਾ ਗਿਆ ਅਤੇ ਨਾ ਹੀ ਮੁਅੱਤਲੀ ਸਬੰਧੀ ਕੋਈ ਪੱਤਰ ਮਿਲਿਆ।


ਜ਼ਿਕਰਯੋਗ ਹੈ ਕਿ ਪੰਜਾਬ ਹਰਿਆਣਾ ਹਾਈ ਕੋਰਟ ਨੇ ਬੀਤੇ ਦਿਨ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਗੁਰਬਚਨ ਸਿੰਘ, ਕਲਰਕ ਬਾਜ ਸਿੰਘ ਅਤੇ ਹੈਲਪਰ ਦਲਬੀਰ ਸਿੰਘ ਨੂੰ ਸ਼੍ਰੋਮਣੀ ਕਮੇਟੀ ਦੀ ਨੌਕਰੀ 'ਤੇ ਬਹਾਲ ਕਰਨ ਦਾ ਫੈਸਲਾ ਦਿੱਤਾ ਸੀ। ਇਨ੍ਹਾਂ ਤਿੰਨ ਮੁਲਜ਼ਮਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਗਭਗ ਦੋ ਸਾਲ ਪਹਿਲਾਂ 328 ਪਾਵਨ ਸਰੂਪ ਲਾਪਤਾ ਹੋਣ ਦੇ ਮਾਮਲੇ ਵਿੱਚ ਨੌਕਰੀ ਤੋਂ ਫਾਰਗ ਕਰ ਦਿੱਤਾ ਸੀ। ਇਨ੍ਹਾਂ ਤੋਂ ਇਲਾਵਾ ਹੋਰਾਂ ਖਿਲਾਫ ਵੀ ਕਾਰਵਾਈ ਕੀਤੀ ਗਈ ਸੀ, ਜਦ ਕਿ ਮਾਮਲੇ ਵਿੱਚ ਇਨ੍ਹਾਂ ਤਿੰਨਾਂ ਵਿਅਕਤੀਆਂ ਨੇ ਹੀ ਅਦਾਲਤ ਦੀ ਕਾਰਵਾਈ ਨੂੰ ਚੁਣੌਤੀ ਦਿੱਤੀ ਸੀ, ਜਿਸ ਦਾ ਫੈਸਲਾ ਹਾਈ ਕੋਰਟ ਨੇ ਹੁਣ ਦਿੱਤਾ ਸੀ।

ਇਸ ਸਬੰਧੀ ਮੀਤ ਸਕੱਤਰ ਗੁਰਬਚਨ ਸਿੰਘ ਨੇ ਦੱਸਿਆ ਕਿ ਫਿਲਹਾਲ ਨਾ ਉਨ੍ਹਾਂ ਦੀ ਹਾਜ਼ਰੀ ਲਾ ਕੇ ਨੌਕਰੀ 'ਤੇ ਬਹਾਲ ਕੀਤਾ ਗਿਆ ਅਤੇ ਨਾ ਕੋਈ ਮੁਅੱਤਲੀ ਦਾ ਪੱਤਰ ਮਿਲਿਆ। ਉਹ ਮੁੜ ਸ਼੍ਰੋਮਣੀ ਕਮੇਟੀ ਦਫਤਰ ਜਾਣਗੇ, ਮਾਮਲੇ ਨੂੰ ਕਾਨੂੰਨੀ ਪੱਖ ਤੋਂ ਦੇਖਣਗੇ ਤੇ ਅਗਲੀ ਕਾਰਵਾਈ ਸ਼ੁਰੂ ਕਰਨਗੇ। ਇਸ ਦੌਰਾਨ ਉਨ੍ਹਾਂ ਕਿਹਾ ਕਿ ਅਦਾਲਤੀ ਹੁਕਮਾਂ ਦੀ ਕਾਪੀ ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਈ-ਮੇਲ ਅਤੇ ਹੱਥੋ-ਹੱਥ ਸੌਂਪ ਦਿੱਤੀ ਹੈ। ਇਹ ਮੀਤ ਸਕੱਤਰ ਜੁਲਾਈ 2020 ਵਿੱਚ ਸੇਵਾਮੁਕਤ ਹੋ ਗਿਆ ਸੀ, ਪਰ ਉਸ ਦੀਆਂ ਸੇਵਾਵਾਂ ਵਿੱਚ ਅਗਲੇ ਹੁਕਮਾਂ ਤਕ ਵਾਧਾ ਕਰ ਦਿੱਤਾ ਗਿਆ ਸੀ। ਅਗਸਤ ਮਹੀਨੇ ਵਿੱਚ ਉਸ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ। ਉਸ ਨੇ ਦੱਸਿਆ ਸੇਵਾਮੁਕਤੀ ਦੇ ਲਾਭ ਅੱਜ ਤਕ ਨਹੀਂ ਮਿਲੇ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਅਦਾਲਤ ਦੇ ਹੁਕਮਾਂ ਮੁਤਾਬਕ ਇਨ੍ਹਾਂ ਮੁਲਾਜ਼ਮਾਂ ਨੂੰ ਡਿਊਟੀ 'ਤੇ ਹਾਜ਼ਰ ਕਰਨ ਮਗਰੋਂ ਅਗਲੇਰੀ ਕਾਰਵਾਈ ਕਰਦਿਆਂ ਮੁਅੱਤਲ ਕਰ ਦਿੱਤਾ ਹੈ। ਇਨ੍ਹਾਂ ਖਿਲਾਫ ਦੋਸ਼ ਪੱਤਰ ਵੀ ਤਿਆਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਅਦਾਲਤ ਦੇ ਹੁਕਮਾਂ ਮੁਤਾਬਕ ਹੀ ਕਾਰਵਾਈ ਕਰੇਗੀ।

## ਮੇਲੇ ਦੌਰਾਨ ਗੋਲੀਆਂ ਚੱਲੀਆਂ, ਇੱਕ ਗ੍ਰਿਫ਼ਤਾਰ

ਜਲੰਧਰ, 4 ਅਪ੍ਰੈਲ (ਪੋਸਟ ਬਿਊਰੋ)- ਕੱਲ੍ਹ ਦੀ ਰਾਤ ਇੱਕ ਵਜੇ ਸੋਢਲ ਨਗਰ ਦੇ ਅਸ਼ੋਕ ਵਿਹਾਰ ਵਿੱਚ ਚਲ ਰਹੇ ਇੱਕ ਮੇਲੇ ਦੌਰਾਨ ਕੁਝ ਲੋਕਾਂ ਨੇ ਲਾਇਸੰਸੀ ਹਥਿਆਰਾਂ ਨਾਲ ਹਵਾਈ ਫਾਇਰ ਕੀਤੇ। ਇੱਕ ਜਾਂ ਦੋ ਨਹੀਂ ਬਲਕਿ 10 ਗੋਲੀਆਂ ਚੱਲੀਆਂ। ਗੋਲੀਆਂ ਚਲਣ ਦੀ ਆਵਾਜ਼ ਨਾਲ ਇਲਾਕੇ ਦੇ ਲੋਕ ਸਹਿਮ ਗਏ।

ਦੱਸਿਆ ਜਾ ਰਿਹਾ ਹੈ ਕਿ ਉਕਤ ਨੌਜਵਾਨ ਕਰਤਾਰਪੁਰ ਤੋਂ ਆਏ ਸਨ ਜਦਕਿ ਕੁਝ ਲੋਕਲ ਸਨ। ਸਥਾਨਕ ਲੋਕਾਂ ਨੇ ਸੀ ਸੀ ਟੀ ਵੀ ਫੁਟੇਜ ਵੀ ਪੁਲਸ ਨੂੰ ਦਿੱਤੀ, ਪੁਲਸ ਨੇ ਉਨ੍ਹਾਂ ਵਿੱਚੋਂ 1 ਨੂੰ ਪਛਾਣ ਕੇ ਗ੍ਰਿਫ਼ਤਾਰ ਕਰ ਲਿਆ ਹੈ। ਫੜੇ ਗਏ ਮੁਲਜ਼ਮ ਦੀ ਪਛਾਣ ਰੀਤਿਕ ਮਾਸੀਵਾਲ ਪੁੱਤਰ ਕੈਲਾਸ਼ ਚੰਦਰ ਵਾਸੀ ਅਸ਼ੋਕ ਵਿਹਾਰ ਵਜੋਂ ਹੋਈ ਹੈ। ਇਸ ਤੋਂ ਇਲਾਵਾ ਪੁਲਸ ਨੇ ਅਮਰਜੀਤ ਸਿੰਘ ਉਰਫ ਬੱਬੂ ਪੁੱਤਰ ਮਹਿੰਦਰ ਸਿੰਘ ਨਿਵਾਸੀ ਅਸ਼ੋਕ ਵਿਹਾਰ ਸਮੇਤ 8 ਤੋਂ 10 ਅਣਪਛਾਤੇ ਲੋਕਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੁਲਸ ਨੇ ਮੌਕੇ ਤੋਂ ਕੁਝ ਗੋਲੀਆਂ ਦੇ ਖੋਲ ਵੀ ਬਰਾਮਦ ਕੀਤੇ ਹਨ।




# ਭਰਾ, ਭਰਜਾਈ ਤੇ ਪੁੱਤਰ ਹਾਦਸੇ ਵਿੱਚ ਗੁਆ ਚੁੱਕੇ ਪਰਵਾਰ ਨੇ ਮੁੱਖ ਮੰਤਰੀ ਤੋਂ ਮੱਦਦ ਮੰਗੀ

ਧੂਰੀ, 4 ਅਪ੍ਰੈਲ (ਪੋਸਟ ਬਿਊਰੋ)- ਮਾਰਚ 2020 ਵਿੱਚ ਆਸਟਰੇਲੀਆ ਦੇ ਵਿਕਟੋਰੀਆ ਸੂਬੇ ਵਿੱਚ ਵਾਪਰੇ ਸੜਕ ਹਾਦਸੇ ਵਿੱਚ ਜ਼ਖਮੀ ਹੋਏ ਜ਼ਿਲ੍ਹਾ ਪਟਿਆਲਾ ਦੇ ਪਿੰਡ ਨਮਾਦਾਂ ਦੀ ਗੁਰਮੀਤ ਕੌਰ ਨੇ ਆਪਣੇ ਪਰਵਾਰ ਸਣੇ ਡਾਕਟਰ ਰਾਜੀਵ ਰਿਸ਼ੀ ਦੀ ਮੌਜੂਦਗੀ ਵਿੱਚ ਪ੍ਰੈਸ ਕਾਨਫਰੰਸ ਕੀਤੀ।

ਇਸ ਦੌਰਾਨ ਹੱਡਬੀਤੀ ਸੁਣਾਉਂਦਿਆਂ ਉਸ ਨੇ ਕਿਹਾ ਕਿ ਉਹ ਸਾਲ 2020 ਵਿੱਚ ਆਪਣੇ 16 ਸਾਲਾ ਪੁੱਤਰ ਨਾਲ ਆਸਟਰੇਲੀਆ ਰਹਿੰਦੇ ਆਪਣੇ ਦਿਓਰ ਤੇ ਦਰਾਣੀ ਨੂੰ ਮਿਲਣ ਗਈ ਸੀ। ਕੁਝ ਦਿਨ ਬਾਅਦ ਉਥੇ ਕਾਰ ਵਿੱਚ ਘਰ ਪਰਤਦੇ ਸਮੇਂ ਉਨ੍ਹਾਂ ਦੀ ਕਾਰ ਉਪਰ ਇੱਕ ਦਰੱਖਤ ਡਿੱਗ ਗਿਆ। ਇਸ ਹਾਦਸੇ ਵਿੱਚ ਉਸ ਦੇ ਦਿਓਰ ਸਵਰਨਜੀਤ ਸਿੰਘ (33), ਭਰਜਾਈ ਅਮਨਦੀਪ ਕੌਰ (35) ਤੇ ਪੁੱਤਰ ਇਸ਼ਪ੍ਰੀਤ ਸਿੰਘ (16) ਦੀ ਮੌਤ ਹੋ ਗਈ, ਜਦ ਕਿ ਉਹ ਖੁਦ ਗੰਭੀਰ ਜ਼ਖਮੀ ਹੋ ਗਈ। ਹਾਦਸੇ ਵਿੱਚ ਉਸ ਦੇ ਦਿਓਰ ਦਾ ਸੱਤ ਸਾਲ ਦਾ ਪੁੱਤਰ ਸਹਿਜ ਸਿੰਘ ਗਰੇਵਾਲ ਵਾਲ-ਵਾਲ ਬਚ ਗਿਆ। ਉਨ੍ਹਾਂ ਦੱਸਿਆ ਕਿ ਮੈਨੂੰ ਜ਼ਖਮੀ ਹਾਲਤ ਵਿੱਚ ਹਸਪਤਾਲ ਦਾਖਲ ਕਰਾਇਆ, ਜਿੱਥੇ ਮੇਰੇ ਦੋ ਆਪਰੇਸ਼ਨ ਵੀ ਹੋਏ।ਉਨ੍ਹਾਂ ਦੱਸਿਆ ਕਿ ਭਾਰਤ ਪਰਤਣ ਉਪਰੰਤ ਹਾਦਸੇ ਸਬੰਧੀ ਆਸਟਰੇਲੀਆ ਵਿਖੇ ਜੰਗਲਾਤ ਵਿਭਾਗ ਨਾਲ ਚੱਲਦੇ ਕੇਸ 'ਚ ਮੈਡੀਕਲ ਸਹਾਇਤਾ ਲਈ ਉਨ੍ਹਾਂ ਨੇ ਕਈ ਡਾਕਟਰਾਂ ਨਾਲ ਰਾਬਤਾ ਕਾਇਮ ਕੀਤਾ, ਪਰ ਕਿਸੇ ਨੇ ਵੀ ਕੋਈ ਮਦਦ ਨਹੀਂ ਕੀਤੀ। ਰਿਸ਼ੀ ਹਸਪਤਾਲ ਧੂਰੀ ਦੇ ਡਾਕਟਰ ਰਾਜੀਵ ਰਿਸ਼ੀ ਨੇ ਉਨ੍ਹਾਂ ਦੀ ਮਦਦ ਕਰਦਿਆਂ ਆਸਟਰੇਲੀਆ ਦੇ ਵਕੀਲ ਨਾਲ ਰਾਬਤਾ ਕਾਇਮ ਕਰ ਕੇ ਉਨ੍ਹਾਂ ਦੀ ਸਰੀਰਕ ਤੇ ਮਾਨਸਿਕ ਸਥਿਤੀ ਬਾਰੇ ਆਨਲਾਈਨ ਰਿਪੋਰਟ ਪੇਸ਼ ਕੀਤੀ, ਜਿਸ ਦੇ ਆਧਾਰ 'ਤੇ ਉਨ੍ਹਾਂ ਨੂੰ ਆਸਟਰੇਲੀਆ ਦੇ ਸਬੰਧਤ ਵਿਭਾਗ ਤੋਂ ਮਾਮੂਲੀ ਜਿਹਾ ਮੁਆਵਜ਼ਾ ਮਿਲਿਆ। ਉਨ੍ਹਾਂ ਕਿਹਾ ਕਿ ਮੇਰੇ ਮ੍ਰਿਤਕ ਦਿਓਰ ਅਤੇ ਦਰਾਣੀ ਪਿਛਲੇ 13 ਸਾਲਾਂ ਤੋਂ ਆਸਟਰੇਲੀਆ ਵਿਖੇ ਪੱਕੇ ਨਾਗਰਿਕ ਸਨ ਅਤੇ ਉਨ੍ਹਾਂ ਦੀ ਜਾਇਦਾਦ ਦੀ ਸਾਂਭ ਸੰਭਾਲ ਲਈ ਭਾਰਤ ਜਾਂ ਆਸਟਰੇਲੀਆ ਦੀ ਸਰਕਾਰ ਵੱਲੋਂ ਕੋਈ ਵੀ ਮਦਦ ਨਹੀਂ ਕੀਤੀ ਜਾ ਰਹੀ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਦਦ ਦੀ ਗੁਹਾਰ ਲਗਾਉਂਦਿਆਂ ਕਿਹਾ ਕਿ ਉਹ ਉਸ ਦੇ ਮ੍ਰਿਤਕ ਦਿਓਰ ਦੇ ਇਕਲੌਤੇ ਪੁੱਤਰ ਨੂੰ ਆਸਟਰੇਲੀਆ ਜਾ ਕੇ ਆਪਣੇ ਮਾਤਾ-ਪਿਤਾ ਦੀ ਜਾਇਦਾਦ ਸੰਭਾਲਣ ਤੇ ਪੜ੍ਹਾਈ ਕਰਨ ਲਈ ਭਾਰਤ ਤੇ ਆਸਟਰੇਲੀਆ ਸਰਕਾਰ ਨਾਲ ਇਸ ਮਾਮਲੇ ਬਾਰੇ ਗੱਲਬਾਤ ਕਰਨ।

ਧੋਖਾਧੜੀ ਦਾ ਮਾਮਲਾ

# ਭਾਜਪਾ ਆਗੂ ਦੀ ਗ੍ਰਿਫ਼ਤਾਰੀ ਲਈ ਪੱਛਮੀ ਬੰਗਾਲ ਪੁਲਸ ਵੱਲੋਂ ਛਾਪਾ



ਜਲੰਧਰ, 4 ਅਪ੍ਰੈਲ (ਪੋਸਟ ਬਿਊਰੋ)- ਧੋਖਾਧੜੀ ਦੇ ਮਾਮਲੇ 'ਚ ਲੋੜੀਂਦੇ ਉਘੇ ਕਾਰੋਬਾਰੀ ਅਤੇ ਭਾਜਪਾ ਆਗੂ ਰਵੀ ਮਹਿੰਦਰੂ ਦੀ ਗ੍ਰਿਫ਼ਤਾਰੀ ਲਈ ਪੱਛਮੀ ਬੰਗਾਲ ਦੀ ਪੁਲਸ ਨੇ ਕੱਲ੍ਹ ਉਸ ਦੀ ਰੋਜ਼ ਪਾਰਕ ਸਥਿਤ ਰਿਹਾਇਸ਼ 'ਤੇ ਛਾਪਾ ਮਾਰਿਆ, ਜਿਸ ਦੌਰਾਨ ਪੁਲਸ ਦੇ ਹੱਥ ਕੁਝ ਵੀ ਨਾ ਲੱਗਣ ਕਰਕੇ, ਪੁਲਸ ਬੇਰੰਗ ਹੀ ਵਾਪਸ ਪਰਤ ਗਈ।

ਮਿਲੀ ਜਾਣਕਾਰੀ ਅਨੁਸਾਰ ਪੱਛਮੀ ਬੰਗਾਲ ਦੇ ਦੁਰਗਾਪੁਰ ਰਹਿੰਦੇ ਕਾਰੋਬਾਰੀ ਦੇਬਾਸੀਸ਼ ਚੈਟਰਜੀ ਵੱਲੋਂ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ ਸੀ ਕਿ ਰਵੀ ਮਹਿੰਦਰੂ ਪੁੱਤਰ ਪਰਸ਼ੋਤਮ ਦਾਸ ਮਹਿੰਦਰੂ, ਉਸ ਦੇ ਭਰਾ ਰਾਘਵ ਮਹਿੰਦਰੂ ਅਤੇ ਇੱਕ ਮਹਿਲਾਂ ਨੇ ਉਨ੍ਹਾਂ ਦੇ ਨਾਲ ਕਾਰੋਬਾਰ 'ਚ ਧੋਖਾਧੜੀ ਕੀਤੀ ਹੈ। ਪੁਲਸ ਵੱਲੋਂ ਇਸ ਮਾਮਲੇ ਦੀ ਜਾਂਚ ਤੋਂ ਬਾਅਦ ਕਾਰਵਾਈ ਕਰਦੇ ਹੋਏ ਕੱਲ੍ਹ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਜਲੰਧਰ ਛਾਪਾ ਮਾਰਿਆ। ਥਾਣਾ ਨੰਬਰ ਦੋ ਦੇ ਮੁੱਖੀ ਨੇ ਦੱਸਿਆ ਕਿ ਉਨ੍ਹਾਂ ਕੋਲ ਪੱਛਮੀ ਬੰਗਾਲ ਦੀ ਪੁਲਸ ਦੇ ਅਧਿਕਾਰੀ ਆਏ ਸਨ, ਜਿਨ੍ਹਾਂ ਰੋਜ਼ ਪਾਰਕ 'ਚ ਕਾਰਵਾਈ ਕਰਨ ਲਈ ਸਹਿਯੋਗ ਮੰਗਿਆ ਸੀ, ਜਿਸ 'ਤੇ ਉਨ੍ਹਾਂ ਵੱਲੋਂ ਆਪਣੇ ਥਾਣੇ ਦੇ ਮੁਲਾਜ਼ਮ ਉਨ੍ਹਾਂ ਦੇ ਨਾਲ ਜ਼ਰੂਰ ਭੇਜੇ ਗਏ ਸਨ, ਪਰ ਇਸ ਮਾਮਲੇ ਬਾਰੇ ਬੰਗਾਲ ਪੁਲਸ ਨੇ ਉਨ੍ਹਾਂ ਨੂੰ ਵਧੇਰੇ ਜਾਣਕਾਰੀ ਨਹੀਂ ਦਿੱਤੀ। ਜਦੋਂ ਇਸ ਸਬੰਧੀ ਭਾਜਪਾ ਆਗੂ ਰਵੀ ਮਹਿੰਦਰੂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪੱਛਮੀ ਬੰਗਾਲ ਦੀ ਇੱਕ ਫਰਮ ਤੋਂ ਉਨ੍ਹਾਂ ਨੇ ਆਪਣੇ ਜੰਮੂ ਵਿਖੇ ਕਾਰੋਬਾਰ ਲਈ ਸਾਮਾਨ ਮੰਗਵਾਇਆ ਸੀ। ਉਨ੍ਹਾਂ ਵੱਲੋਂ ਜੋ ਆਰਡਰ ਦਿੱਤਾ ਗਿਆ ਸੀ, ਸਾਮਾਨ ਉਸ ਮੁਤਾਬਕ ਨਾ ਆਉਣ ਕਰਕੇ ਉਨ੍ਹਾਂ ਨੇ ਫਰਮ ਨੂੰ ਇਸ ਦਾ ਹੱਲ ਕਰਨ ਲਈ ਕਿਹਾ ਸੀ। ਵਪਾਰ 'ਚ ਚੱਲਦੇ ਵਿਵਾਦ ਨੂੰ ਸੁਲਝਾਉਣ ਦੀ ਬਜਾਏ, ਵਿਰੋਧੀ ਧਿਰ ਵੱਲੋਂ ਉਨ੍ਹਾਂ ਖ਼ਿਲਾਫ਼ ਨਜਾਇਜ਼ ਕਾਰਵਾਈ ਕਰਕੇ ਦਬਾਅ ਬਣਾਇਆ ਜਾ ਰਿਹਾ ਹੈ।

# ਲਸ਼ਕਰ ਮਾਡਿਊਲ ਦਾ ਪਰਦਾਫਾਸ਼, ਪੰਜ ਮੱਦਦਗਾਰ ਗ੍ਰਿਫ਼ਤਾਰ



ਸ਼੍ਰੀਨਗਰ, 4 ਅਪ੍ਰੈਲ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਬਾਂਦੀਪੋਰਾ ਜ਼ਿਲ੍ਹੇ 'ਚ ਲਸ਼ਕਰ-ਏ-ਤੋਇਬਾ (ਐਲ ਈ ਟੀ) ਦੇ ਦੋ ਮਾਡਿਊਲ ਦਾ ਪਰਦਾਫਾਸ਼ ਕਰਕੇ ਅੱਤਵਾਦੀਆਂ ਦੇ ਪੰਜ ਮਦਦਗਾਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਇੱਕ ਵਿਸ਼ੇਸ਼ ਸੂਚਨਾ ਦੇ ਆਧਾਰ 'ਤੇ ਪੁਲਸ ਨੇ ਸੁਰੱਖਿਆ ਬਲਾਂ ਨਾਲ ਮਿਲ ਕੇ ਉਤਰੀ ਕਸ਼ਮੀਰ ਜ਼ਿਲ੍ਹੇ 'ਚ ਅੱਤਵਾਦੀਆਂ ਦੇ ਚਾਰ ਮਦਦਗਾਰਾਂ ਨੂੰ ਗ੍ਰਿਫ਼ਤਾਰ ਕੀਤਾ, ਜਿਨ੍ਹਾਂ ਦੀ ਪਛਾਣ ਅਸ਼ਟਾਂਗੂ ਨਿਵਾਸੀ ਇਰਫਾਨ ਅਹਿਮਦ ਭੱਟ, ਕਾਜ਼ੀਪੋਰਾ ਨਿਵਾਸੀ ਇਰਫਾਨ ਅਹਿਮਦ ਜਾਨ, ਬਾਂਦੀਪੋਰਾ ਦੇ ਅਰਿਨ ਇਲਾਕੇ ਦੇ ਨਿਵਾਸੀ ਸੱਜਾਦ ਅਹਿਮਦ ਮੀਰ ਅਤੇ ਸ਼ਾਰਿਕ ਅਹਿਮਦ ਮੀਰ ਦੇ ਤੌਰ 'ਤੇ ਕੀਤੀ ਗਈ। ਉਨ੍ਹਾਂ ਕੋਲੋਂ ਦੋ ਚੀਨੀ ਹੱਥ ਗੋਲੇ ਅਤੇ ਹੋਰ ਚੀਜ਼ਾਂ ਬਰਾਮਦ ਹੋਈਆਂ ਹਨ। ਉਹ ਜ਼ਿਲ੍ਹੇ 'ਚ ਸਰਗਰਮ ਅਤੱਵਾਦੀਆਂ ਨੂੰ ਮੋਬਾਈਲ ਸਿਮ ਕਾਰਡ ਅਤੇ ਰਸਦ ਮੁਹੱਈਆ ਕਰਾਉਣ 'ਚ ਸ਼ਾਮਲ ਸਨ।

ਇੱਕ ਹੋਰ ਘਟਨਾ 'ਚ, ਪੁਲਸ ਨੇ ਸੁਰੱਖਿਆ ਬਲਾਂ ਦੇ ਨਾਲ ਮਿਲ ਕੇ ਬਾਂਦੀਪੋਰਾ ਦੇ ਰਾਖ ਹਾਜਿਨ ਇਲਾਕੇ 'ਚ ਅੱਤਵਾਦੀਆਂ ਦੇ ਇੱਕ ਮਦਦਗਾਰ ਨੂੰ ਗ੍ਰਿਫ਼ਤਾਰ ਕੀਤਾ। ਉਸਦੀ ਪਛਾਣ ਹਾਜਿਨ ਨਿਵਾਸੀ ਇਰਫਾਨ ਅਜੀਜ ਭੱਟ ਦੇ ਰੂਪ 'ਚ ਹੋਈ ਹੈ। ਉਸ ਕੋਲੋਂ ਇੱਕ ਚੀਨੀ ਗ੍ਰੇਨੇਡ ਬਰਾਮਦ ਕੀਤਾ ਗਿਆ ਹੈ। ਗ੍ਰਿਫ਼ਤਾਰ ਮੁਲਜ਼ਮ ਪਾਕਿਸਤਾਨੀ ਅੱਤਵਾਦੀ ਉਮਰ ਲਾਲਾ ਦੇ ਨੇੜਲੇ ਸੰਪਰਕ 'ਚ ਸੀ ਅਤੇ ਉਸ ਨੂੰ ਹਾਜਿਨ ਇਲਾਕੇ 'ਚ ਅੱਤਵਾਦੀ ਹਮਲੇ ਕਰਨ ਦਾ ਹੁਕਮ ਦਿੱਤਾ ਗਿਆ ਸੀ।

ਇਸ ਦੌਰਾਨ ਦੱਖਣੀ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਦੇ ਲਿਤਰ ਇਲਾਕੇ 'ਚ ਕੱਲ੍ਹ ਅੱਤਵਾਦੀਆਂ ਨੇ ਕੱਲ੍ਹ ਸ਼ਾਮ ਪਠਾਨਕੋਟ ਦੇ ਰਹਿਣ ਵਾਲੇ ਇੱਕ ਪੋਲਟਰੀ ਵਾਹਨ ਦੇ ਡਰਾਈਵਰ ਅਤੇ ਕਲੀਨਰ 'ਤੇ ਹਮਲਾ ਕਰ ਦਿੱਤਾ।ਜ਼ਖ਼ਮੀਆਂ ਨੂੰ ਸਰਕਾਰੀ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਜ਼ਖ਼ਮੀ ਸੁਰਿੰਦਰ ਦੀ ਛਾਤੀ ਦੇ ਖੱਬੇ ਪਾਸੇ ਗੋਲੀ ਲੱਗੀ ਹੈ ਅਤੇ ਧੀਰਜ ਦੱਤਾ ਦੀ ਲੱਤ 'ਚ ਗੋਲੀ ਲੱਗੀ ਹੈ।

# ਯਤੀ ਵੱਲੋਂ ਮੁਸਲਮਾਨਾਂ ਖਿਲਾਫ ਮੁੜ ਵਿਵਾਦਤ ਬਿਆਨ



ਨਵੀਂ ਦਿੱਲੀ, 4 ਅਪ੍ਰੈਲ (ਪੋਸਟ ਬਿਊਰੋ)- ਮੁਸਲਮਾਨਾਂ ਖਿਲਾਫ ਵਿਵਾਦਤ ਅਤੇ ਭੜਕਾਊ ਬਿਆਨ ਦੇਣ ਵਾਲੇ ਡਾਸਨਾ ਦੇਵੀ ਮੰਦਰ ਦੇ ਮੁੱਖ ਪੁਜਾਰੀ ਯਤੀ ਨਰਸਿੰਘਨੰਦ ਨੇ ਕੱਲ੍ਹ ਇੱਕ ਹੋਰ ਬਿਆਨ ਦਾਗ਼ ਕੇ ਨਵਾਂ ਬਖੇੜਾਖੜ੍ਹਾ ਕਰ ਦਿੱਤਾ ਹੈ। ਉਸ ਨੇ ਕਿਹਾ ਹੈ ਕਿ ਜੇ ਕੋਈ ਮੁਸਲਿਮ ਵਿਅਕਤੀ ਦੇਸ਼ ਦਾ ਪ੍ਰਧਾਨ ਮੰਤਰੀ ਬਣ ਗਿਆ ਤਾਂ ਪੰਜਾਹ ਫੀਸਦੀ ਹਿੰਦੂ ਅਗਲੇ 20 ਸਾਲਾਂ ਵਿੱਚ ਮੁਸਲਮਾਨ ਬਣ ਜਾਣਗੇ। ਹਿੰਦੂ ਮਹਾਂਪੰਚਾਇਤ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਹਿੰਦੂਆਂ ਨੂੰ ਆਪਣੀ ਹੋਂਦ ਬਚਾਉਣ ਲਈ ਹਥਿਆਰ ਚੁੱਕਣ ਦਾ ਸੱਦਾ ਦਿੱਤਾ।

ਬੁਰਾੜੀ ਮੈਦਾਨ ਵਿੱਚ ਹੋਈ ਮਹਾਂਪੰਚਾਇਤ ਦੀ ਦਿੱਲੀ ਪ੍ਰਸ਼ਾਸਨ ਨੇ ਇਜਾਜ਼ਤ ਨਹੀਂ ਦਿੱਤੀ ਸੀ। ਇਸ ਤੋਂ ਪਹਿਲਾਂ ਜੰਤਰ-ਮੰਤਰ ਅਤੇ ਹਰਿਦੁ-ਆਰ ਵਿੱਚ ਅਜਿਹੀਆਂ ਮਹਾਂਪੰਚਾਇਤਾਂ ਦੌਰਾਨ ਮੁਸਲਮਾਨ ਵਿਰੋਧੀ ਨਾਅਰੇ ਲਾਏ ਗਏ ਸਨ। ਨਰਸਿੰਘਨੰਦ ਹਰਿ-ਦੁਆਰ ਵਿੱਚ ਨਫਰਤੀ ਭਾਸ਼ਣ ਦੇਣ ਦੇ ਕੇਸ ਵਿੱਚ ਇਸ ਸਮੇਂ ਜ਼ਮਾਨਤ 'ਤੇ ਹਨ। ਇੱਥੇ ਕੱਲ੍ਹ ਹੋਈ ਮਹਾਂਪੰਚਾਇਤ ਦੇ ਵਾਇਰਲ ਹੋ ਰਹੇ ਵੀਡੀਓ ਵਿੱਚ ਉਨ੍ਹਾਂਕਿਹਾ "ਸਿਰਫ 2029 ਜਾਂ 2034 ਜਾਂ 2039 'ਚ ਹੀ ਕੋਈ ਮੁਸਲਮਾਨ ਪ੍ਰਧਾਨ ਮੰਤਰੀ ਬਣ ਜਾਏਗਾ। ਕਿਸੇ ਮੁਸਲਮਾਨ ਦੇ ਦੇਸ਼ ਦਾ ਪ੍ਰਧਾਨ ਮੰਤਰੀ ਬਣਨ 'ਤੇ ਪੰਜਾਹ ਫੀਸਦੀ ਹਿੰਦੂ ਧਰਮ ਬਦਲ ਲੈਣਗੇ, ਚਾਲੀ ਫੀਸਦੀ ਮਾਰੇ ਜਾਣਗੇ ਅਤੇ ਬਾਕੀ ਦੇ 10 ਫੀਸਦੀ ਹਿੰਦੂ ਸ਼ਰਨਾਰਥੀ ਕੈਂਪਾਂ ਜਾਂ ਹੋਰ ਮੁਲਕਾਂ ਵਿੱਚ ਅਗਲੇ ਵੀਹ ਸਾਲਾਂ ਲਈ ਪਨਾਹ ਲੈਣਗੇ। ਇਹ ਹਿੰਦੂਆਂ ਦਾ ਭਵਿੱਖ ਹੋਵੇਗਾ। ਜੇ ਤੁਸੀਂ ਅਜਿਹਾ ਭਵਿੱਖ ਨਹੀਂ ਚਾਹੁੰਦੇ ਹੋ ਤਾਂ ਫਿਰ ਮਰਦ ਬਣ ਕੇ ਹਥਿਆਰ ਚੁੱਕੋ।" ਖਬਰ ਏਜੰਸੀ ਵੀਡੀਓ ਦੀ ਸੱਚਾਈ ਦਾ ਪਤਾ ਨਹੀਂ ਲਗਾ ਸਕੀ ਹੈ।

# ਕਿਮ ਜੋਂਗ ਦੀ ਭੈਣ ਵੱਲੋਂ ਦੱਖਣੀ ਕੋਰੀਆ ਨੂੰ ਚਿਤਾਵਨੀ



ਸਿਉਲ, 4 ਅਪ੍ਰੈਲ (ਪੋਸਟ ਬਿਊਰੋ)- ਉਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਦੀ ਪ੍ਰਭਾਵਸ਼ਾਲੀ ਭੈਣ ਨੇ ਕੱਲ੍ਹ ਆਪਣੇ ਦੇਸ਼ 'ਤੇ ਹਮਲਾ ਬੋਲਣ ਦੀ ਗੱਲ ਕਹਿਣ 'ਤੇ ਦੱਖਣੀ ਕੋਰੀਆ ਦੇ ਰੱਖਿਆ ਮੰਤਰੀ ਨੂੰ ਘਿਣਾਉਣਾ ਵਿਅਕਤੀ ਦੱਸਿਆ ਤੇ ਨਾਲ ਹੀ ਚਿਤਾਵਨੀ ਦਿੱਤੀ ਕਿ ਜੇਕਰ ਅਜਿਹਾ ਕੀਤਾ ਗਿਆ ਤਾਂ ਦੱਖਣੀ ਕੋਰੀਆ ਨੂੰ 'ਗੰਭੀਰ ਖ਼ਤਰੇ' ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਚੇਤੇ ਰਹੇ ਕਿ ਇਸ ਸਾਲ ਕਈ ਹਥਿਆਰਾਂ ਦੇ ਪ੍ਰੀਖਣ ਕੀਤੇ ਗਏ ਹਨ, ਜਿਸ ਵਿੱਚ ਉਤਰੀ ਕੋਰੀਆ ਵੱਲੋਂ ਪਹਿਲੀ ਮਹਾਂਦੀਪੀ ਬੈਲਿਸਟਿਕ ਮਿਜ਼ਾਈਲ ਵੀ ਸ਼ਾਮਲ ਹੈ, ਜਿਸ ਨਾਲ ਕੋਰੀਆਈ ਪ੍ਰਾਇਦੀਪ 'ਤੇ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਵਧਿਆ ਹੈ। ਇਸ ਦੌਰਾਨ ਕਿਮ ਯੋ ਜੋਂਗ ਦਾ ਇਹ ਬਿਆਨ ਆਇਆ ਹੈ।

ਉਤਰੀ ਕੋਰੀਆ ਨੇ ਕਰੀਬ ਚਾਰ ਸਾਲਾਂ ਤੋਂ ਵੱਡੇ ਹਥਿਆਰਾਂ ਦੇ ਪ੍ਰੀਖਣਾਂ 'ਤੇ ਪਾਬੰਦੀ ਲਗਾਈ ਹੋਈ ਸੀ ਅਤੇ ਹੁਣ ਆਈ ਸੀ ਬੀ ਐਮ ਪ੍ਰੀਖਣ ਨੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਮਨ ਜੇ-ਇਨ ਲਈ ਸ਼ਰਮਿੰਦਗੀ ਵਾਲੀ ਸਥਿਤੀ ਪੈਦਾ ਕਰ ਦਿੱਤੀ ਹੈ, ਕਿਉਂਕਿ ਉਨ੍ਹਾਂ ਉਤਰੀ ਕੋਰੀਆ ਨਾਲ ਸੁਲ੍ਹਾ ਕਰਨ ਅਤੇ ਉਤਰੀ ਕੋਰੀਆ ਨੂੰ ਸ਼ਾਂਤੀਪੂਰਨ ਹੱਲ ਲੱਭਣ ਦੇ ਯਤਨ ਕੀਤੇ ਹਨ। ਕੱਲ੍ਹ ਰਣਨੀਤਕ ਮਿਜ਼ਾਈਲ ਕਮਾਂਡ ਦੇ ਦੌਰੇ ਦੌਰਾਨ ਦੱਖਣੀ ਕੋਰੀਆ ਦੇ ਰਖਿਆ ਮੰਤਰੀ ਸੂਹ ਵੂਕ ਨੇ ਕਿਹਾ ਸੀ ਕਿ ਜੇਕਰ ਦੱਖਣੀ ਕੋਰੀਆ ਨੂੰ ਪਤਾ ਲੱਗਦਾ ਹੈ ਕਿ ਉਤਰੀ ਕੋਰੀਆ ਉਸ 'ਤੇ ਮਿਜ਼ਾਈਲਾਂ ਦਾਗਣ ਦਾ ਇਰਾਦਾ ਰੱਖਦਾ ਹੈ, ਤਾਂ ਸਿਉਲ ਕੋਲ ਵੀ ਉਤਰੀ ਕੋਰੀਆ 'ਤੇ ਹਮਲਾ ਕਰਨ ਦੀ ਸਮਰਥਾ ਅਤੇ ਤਿਆਰੀ ਹੈ।

ਇਸ ਤੋਂ ਬਾਅਦ ਕੱਲ੍ਹ ਕਿਮ ਜੋਂਗ ਉਨ ਦੀ ਭੈਣ ਕਿਮ ਯੋ ਜੋਂਗ ਨੇ ਇੱਕ ਬਿਆਨ 'ਚ ਸਿਉਲ ਨੂੰ ਧਮਕੀ ਦਿੱਤੀ। ਉਸ ਨੇ ਬਿਆਨ ਵਿੱਚ ਕਿਹਾ ਕਿ ਬੇਸਮਝ ਅਤੇ ਘਿਣਾਉਣੇ ਵਿਅਕਤੀ ਨੇ ਪ੍ਰਮਾਣੂ ਹੱਥਿਆਰਾਂ ਨਾਲ ਲੈਸ ਦੇਸ਼ 'ਤੇ ਹਮਲੇ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਦੱਖਣੀ ਕੋਰੀਆ ਨੂੰ ਆਪਣੇ ਰੱਖਿਆ ਮੰਤਰੀ ਦੀ ਲਾਪਰਵਾਹੀ ਵਾਲੀ ਟਿੱਪਣੀ ਲਈ ਗੰਭੀਰ ਖ਼ਤਰਾ ਹੋ ਸਕਦਾ ਹੈ। ਉਨ੍ਹਾਂ ਦਾ ਇਹ ਬਿਆਨ ਸਰਕਾਰੀ ਮੀਡੀਆ ਨੇ ਪ੍ਰਕਾਸ਼ਤ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਦੱਖਣੀ ਕੋਰੀਆ ਕਿਸੇ ਤਬਾਹੀ ਨੂੰ ਟਾਲਣਾ ਚਾਹੁੰਦਾ ਹੈ ਤਾਂ ਆਪਣੇ ਆਪ ਨੂੰ ਅਨੁਸ਼ਾਸਨ ਵਿੱਚ ਰੱਖਣਾ ਚਾਹੀਦਾ ਹੈ।

ਉਤਰੀ ਕੋਰੀਆ ਦੀ ਵਰਕਰਜ਼ ਪਾਰਟੀ ਦੀ ਕੇਂਦਰੀ ਕਮੇਟੀ ਦੇ ਸਕੱਤਰ ਨੇ ਵੀ ਵੱਖਰੇ ਤੌਰ 'ਤੇ ਚੇਤਾਵਨੀ ਦਿੱਤੀ ਹੈ ਕਿ ਮੁਲਾਂਕਣ ਅਤੇ ਅਣਉਚਿਤ ਬਿਆਨਾਂ ਵਿੱਚ ਮਾਮੂਲੀ ਜਿਹੀ ਭੁੱਲ ਵੀ ਖਤਰਨਾਕ ਟਕਰਾਅ ਅਤੇ ਪੂਰੀ ਤਰ੍ਹਾਂ ਨਾਲ ਜੰਗ ਦਾ ਕਾਰਨ ਬਣ ਸਕਦੀ ਹੈ।ਉਨ੍ਹਾਂ ਕਿਹਾ ਕਿ ਜੇਕਰ ਦੱਖਣੀ ਕੋਰੀਆ ਨੇ ਉਤਰੀ ਕੋਰੀਆ 'ਤੇ ਹਮਲਾ ਕੀਤਾ ਤਾਂ ਉਨ੍ਹਾਂ ਦਾ ਦੇਸ਼ ਫ਼ੌਜ ਨੂੰ ਸਿਉਲ ਅਤੇ ਦੱਖਣੀ ਕੋਰੀਆ ਦੀ ਫ਼ੌਜ ਦੇ ਮੁੱਖ ਟੀਚਿਆਂ ਨੂੰ ਤਬਾਹ ਕਰਨ ਦੇ ਨਿਰਦੇਸ਼ ਦੇਵੇਗਾ।

# ਮਹਾਰਾਸ਼ਟਰ ਦੇ ਦੋ ਪਿੰਡਾਂ 'ਚ ਅਕਾਸ਼ 'ਚੋਂ ਡਿੱਗੀਆਂ ਵਸਤੂਆਂ ਮਿਲੀਆਂ

ਨਾਗਪੁਰ, 4 ਅਪ੍ਰੈਲ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਜ਼ਿਲ੍ਹੇ ਚੰਦਰਪੁਰ ਦੀ ਤਹਿਸੀਲ ਸਿੰਧੀਵਾਹੀ ਅਧੀਨ ਆਉਂਦੇ ਦੋ ਪਿੰਡਾਂ 'ਚ ਅਕਾਸ਼ 'ਚੋਂ ਡਿੱਗੀਆਂ ਧਾਤ ਦੀ ਵੱਡੀ ਮੁੰਦਰੀ ਤੇ ਸਿੰਲਡਰਨੁਮਾ ਅਣਪਛਾਤੀਆਂ ਤੇ ਸੜੀਆਂ ਹੋਈਆਂ ਦੋ ਵਸਤੂਆਂ ਮਿਲੀਆਂ ਹਨ। ਜ਼ਿਲ੍ਹੇ ਦੇ ਕੁਲੈਕਟਰ ਨੇ ਦੱਸਿਆ ਕਿ ਸਿੰਧਵਾਹੀ ਤਹਿਸੀਲ ਦੇ ਲਾਡਬੋਰੀ ਪਿੰਡ 'ਚ ਸਥਾਨਕ ਲੋਕਾਂ ਨੇ ਕੱਲ੍ਹ ਰਾਤ ਨੂੰ 7.50 ਵਜੇ ਦੇ ਕਰੀਬ ਇੱਕ ਖੁੱਲ੍ਹੇ ਪਲਾਟ 'ਚ ਧਾਤੂ ਦੀ ਕਾਫੀ ਵੱਡੀ ਮੁੰਦਰੀ ਪਈ ਦੇਖੀ। ਇਹ ਮੁੰਦਰੀ ਵਰਗੀ ਚੀਜ਼ ਪਹਿਲਾਂ ਇੱਥੇ ਨਹੀਂ ਸੀ, ਜਿਸ ਲਈ ਕਿਹਾ ਜਾ ਸਕਦਾ ਹੈ ਕਿ ਇਹ ਅਕਾਸ਼ 'ਚੋਂ ਡਿੱਗੀ ਹੈ। ਮੁੰਬਈ 'ਚ ਆਫਤ ਪ੍ਰਬੰਧਕ ਕੰਟਰੋਲ ਰੂਮ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਇੱਕ ਟੀਮ ਚੰਦਰਪੁਰ ਜ਼ਿਲ੍ਹੇ 'ਚ ਘਟਨਾ ਸਥਾਨ ਦਾ ਦੌਰਾ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਕੱਲ੍ਹ ਸਵੇਰੇ ਸਿੰਧਵਾਹੀ ਤਹਿਸੀਲ ਦੇ ਪਿੰਡ ਪਾਵਨਪੁਰ 'ਚ ਇੱਕ ਸਿਲੰਡਰ ਵਰਗੀ ਚੀਜ਼ ਮਿਲੀ ਹੈ। ਸਿਲੰਡਰ ਵਰਗੀ ਇਸ ਚੀਜ਼ ਦਾ ਮਾਪ 1 ਤੋਂ 1.5 ਫੁੱਟ ਡਾਇਆਮੀਟਰ ਹੈ। ਇਸ ਨੂੰ ਟੈਸਟਿੰਗ ਲਈ ਰੱਖਿਆ ਗਿਆ ਹੈ। ਕੁਲੈਕਟਰ ਨੇ ਕਿਹਾ ਕਿ ਜੂਨੀਅਰ ਰੈਵੇਨਿਊ ਅਧਿਕਾਰੀਆਂ ਨੂੰ ਜ਼ਿਲ੍ਹੇ ਦੇ ਹਰੇਕ ਪਿੰਡ 'ਚ ਇਹ ਦੇਖਣ ਲਈ ਭੇਜਿਆ ਹੈ ਕਿ ਕਿਤੇ ਹੋਰ ਪਿੰਡਾਂ 'ਚ ਅਜਿਹੀਆਂ ਵਸਤੂਆਂ ਤਾਂ ਦੇਖਣ ਨੂੰ ਨਹੀਂ ਮਿਲੀਆਂ। ਕੱਲ੍ਹ ਬਹੁਤ ਸਾਰੇ ਸ਼ੋਸ਼ਲ ਮੀਡੀਆ ਯੂਜ਼ਰਾਂ ਨੇ ਮਹਾਰਾਸ਼ਟਰ ਦੇ ਨਾਲ-ਨਾਲ ਮੱਧ ਪ੍ਰਦੇਸ਼ ਦੇ ਕੁਝ ਪਿੰਡਾਂ 'ਚ ਅਕਾਸ਼ 'ਚੋਂ ਡਿੱਗੀਆਂ ਕੁਝ ਅਣਪਛਾਤੀਆਂ ਸੜੀਆਂ ਹੋਈਆਂ ਵਸਤਾਂ ਮਿਲਣ ਦੀ ਪੁਸ਼ਟੀ ਕੀਤੀ ਹੈ। ਮਾਹਿਰਾਂ ਨੇ ਅਨੁਮਾਨ ਲਗਾਇਆ ਹੈ ਕਿ ਇਹ ਅਕਾਸ਼ 'ਚ ਘੁੰਮਦੇ ਉਲਕਾ ਪਿੰਡ ਜਾਂ ਧਰਤੀ ਤੋਂ ਭੇਜੇ ਗਏ ਰਾਕੇਟ ਦਾ ਮਲਬਾ ਹੋ ਸਕਦਾ ਹੈ, ਜੋ ਤਬਾਹ ਹੋ ਜਾਂਦਾ ਹੈ।

# ਚੀਨ ਨਾਲ ਸਬੰਧ ਰੱਖਣ ਵਾਲੇ ਗਿਰੋਹ ਦਾ ਪਰਦਾਫਾਸ਼, 8 ਕਾਬੂ



ਨਵੀਂ ਦਿੱਲੀ, 4 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਪੁਲਸ ਨੇ ਚੀਨ ਦੇ ਨਾਗਰਿਕਾਂ ਨਾਲ ਸਬੰਧ ਰੱਖਣ ਵਾਲੇ ਧੋਖੇਬਾਜ਼ਾਂ ਅਤੇ ਵਸੂਲੀ ਕਰਨ ਵਾਲਿਆਂ ਦੇ ਇੱਕ ਕੌਮਾਂਤਰੀ ਗਿਰੋਹ ਦਾ ਪਰਦਾਫਾਸ਼ ਕਰ ਕੇ ਅੱਠ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਗਿਰੋਹ ਸੰਗਠਿਤ ਪੱਧਰ 'ਤੇ ਕਰੋੜਾਂ ਰੁਪਏ ਦੀ ਉਗਰਾਹੀ ਕਰ ਚੁੱਕਾ ਹੈ।

ਦਿੱਲੀ ਪੁਲਸ ਦੇ ਡਿਪਟੀ ਕਮਿਸ਼ਨਰ ਨੇ ਕੱਲ੍ਹ ਦੱਸਿਆ ਕਿ ਇਸ ਗਿਰੋਹ 'ਚ ਸ਼ਾਮਲ ਅੱਠ ਵਿਅਕਤੀਆਂ ਨੂੰ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰ ਵਿਅਕਤੀਆਂ 'ਚੋਂ ਇੱਕ ਭਾਰਤੀ ਨਾਗਰਿਕ ਵੀ ਹੈ। ਇਹ ਗਿਰੋਹ ਵੱਖ-ਵੱਖ ਲੋਕਾਂ ਦੇ ਫ਼ੋਨਾਂ ਨੂੰ ਹੈਕ ਕਰ ਕੇ ਉਨ੍ਹਾਂ ਦੇ ਨਿੱਜੀ ਡਾਟਾ ਤਕ ਆਪਣੀ ਪਹੁੰਚ ਬਣਾ ਲੈਂਦਾ ਸੀ। ਉਸ ਪਿੱਛੋਂ ਉਹ ਇਸੇ ਨਿੱਜੀ ਡਾਟਾ ਦੇ ਆਧਾਰ 'ਤੇ ਵਸੂਲੀ ਕਰਦੇ ਸਨ। ਪੁਲਸ ਨੂੰ ਪਤਾ ਲੱਗਾ ਹੈ ਕਿ ਇਸ ਤਰ੍ਹਾਂ ਦੀ ਧੋਖਾਦੇਹੀ ਅਤੇ ਰੰਗਦਾਰੀ ਨਾਲ 8.25 ਕਰੋੜ ਰੁਪਏ ਵਸੂਲੇ ਗਏ। ਇਹ ਰਕਮ ਇੱਕ ਮੁਲਜ਼ਮ ਦੇ ਖਾਤੇ 'ਚੋਂ ਮਿਲੀ ਹੈ। ਅਜਿਹੇ 25 ਹੋਰ ਖਾਤਿਆਂ ਦੀ ਪਛਾਣ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਇਹ ਗਿਰੋਹ ਜਿਸ ਐਪਲੀਕੇਸ਼ਨ ਰਾਹੀਂ ਮੋਬਾਈਲ ਫੋਨ ਨੂੰ ਹੈਕ ਕਰਦਾ ਸੀ ਅਤੇ ਕ੍ਰਿਪਟੋਕਰੰਸੀ ਰਾਹੀਂ ਜੋ ਮਨੀ ਲਾਂਡਰਿੰਗ ਹੋ ਰਹੀ ਸੀ, ਉਸਦਾ ਮਾਸਟਰ ਮਾਈਂਡ ਚੀਨ ਦਾ ਹੈ। ਇਸ ਗਿਰੋਹ ਵੱਲੋਂ ਉਗਰਾਹੇ ਗਏ ਪੈਸੇ ਕ੍ਰਿਪਟੋ ਰਾਹੀਂ ਚੀਨ, ਹਾਂਗਕਾਂਗ ਅਤੇ ਦੁਬਈ 'ਚ ਚੀਨ ਦੇ ਨਾਗਰਿਕਾਂ ਦੇ ਖਾਤਿਆਂ 'ਚ ਭੇਜੇ ਜਾਂਦੇ ਸਨ। ਵੱਖ-ਵੱਖ ਦੇਸ਼ਾਂ ਤੋਂ ਆਪਰੇਟ ਕਰਨ ਵਾਲੇ ਚੀਨ ਦੇ ਤਿੰਨ ਨਾਗਰਿਕਾਂ ਨੂੰ ਪਛਾਣਿਆ ਗਿਆ ਹੈ। ਪੁਲਸ ਨੇ 16 ਡੈਬਿਟ ਕਾਰਡ, 22 ਚੈਕ ਬੁੱਕ ਅਤੇ 26 ਪਾਸ ਬੁੱਕ ਜ਼ਬਤ ਕਰਨ ਤੋਂ ਇਲਾਵਾ 25 ਤੋਂ ਵੱਧ ਬੈਂਕ ਖਾਤਿਆਂ ਨੂੰ ਫ੍ਰੀਜ਼ ਵੀ ਕੀਤਾ ਹੈ। ਇਨ੍ਹਾਂ 'ਚ 11 ਲੱਖ ਰੁਪਏ ਤੋਂ ਵਧ ਰਕਮ ਜਮ੍ਹਾਂ ਸੀ। ਪੁਲਸ ਨੇ ਦੱਸਿਆ ਕਿ ਹੋਰ ਖੁਲਾਸੇ ਹੋ ਰਹੇ ਹਨ। ਉਕਤ ਜਾਅਲਸਾਜ਼ਾਂ ਨੇ ਠੱਗੀ ਦੇ ਪੈਸਿਆਂ ਨਾਲ ਤਿੰਨ ਕਾਰਾਂ ਖਰੀਦੀਆਂ ਸਨ ਜਿਨ੍ਹਾਂ ਨੂੰ ਪੁਲਸ ਨੇ ਬਰਾਮਦ ਕਰ ਲਿਆ ਹੈ।

# ਆਪ ਦੇ ਹਰਿਆਣਾ ਵਿੱਚ ਦਾਖਲੇ ਤੋਂ ਭਾਜਪਾ ਘਬਰਾਈ

ਚੰਡੀਗੜ੍ਹ, 4 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਵਿੱਚ 92 ਸੀਟਾਂ 'ਤੇ ਜਿੱਤ ਹਾਸਲ ਕਰ ਕੇ ਸੱਤਾ 'ਤੇ ਕਾਬਜ਼ ਹੋਈ ਆਮ ਆਦਮੀ ਪਾਰਟੀ ਨੇ ਹਰਿਆਣਾ, ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿੱਚ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਆਪ ਦੀਆਂ ਗਤੀਵਿਧੀਆਂ ਨੇ ਗੁਆਂਢੀ ਸੂਬੇ ਹਰਿਆਣਾ ਵਿੱਚ ਸਿਆਸੀ ਪਾਰਟੀਆਂ ਨੂੰ ਬਿਪਤਾ ਛੇੜ ਦਿੱਤੀ ਹੈ। ਇਸੇ ਲਈ ਭਾਜਪਾ ਚੰਡੀਗੜ੍ਹ ਅਤੇ ਐਸ ਵਾਈ ਐਲ ਵਰਗੇ ਮੁੱਦੇ ਉਭਾਰ ਕੇ ਲੋਕਾਂ ਦੀ ਹਮਦਰਦੀ ਲੈਣ ਦੀ ਕੋਸ਼ਿਸ਼ ਕਰ ਰਹੀ ਹੈ।

ਖੇਤੀ ਕਾਨੂੰਨਾਂ ਖਿਲਾਫ ਚੱਲੇ ਕਿਸਾਨ ਅੰਦੋਲਨ ਅਤੇ ਮਹਿੰਗਾਈ ਕਰ ਕੇ ਹਰਿਆਣੇ ਵਿੱਚ ਭਾਜਪਾ ਦੀ ਸਿਆਸੀ ਜ਼ਮੀਨ ਖਿਸਕਦੀ ਜਾਪਦੀ ਹੈ। ਸੱਤਾ ਵਿੱਚ ਰਹਿਣ ਲਈ ਭਾਜਪਾ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੇ ਮਸਲੇ ਉਭਾਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਨ੍ਹਾਂ ਵਿੱਚੋਂ ਇੱਕ ਮਸਲਾ ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਹੈ। ਭਾਜਪਾ ਇੱਕ ਪਾਸੇ ਕੇਂਦਰ ਸਰਕਾਰ ਰਾਹੀਂ ਚੰਡੀਗੜ੍ਹ 'ਤੇ ਆਪਣਾ ਹੱਕ ਜਤਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਦੂਜੇ ਪਾਸੇ ਹਰਿਆਣਾ ਸਰਕਾਰ ਰਾਹੀਂ ਚੰਡੀਗੜ੍ਹ 'ਤੇ ਆਪਣੇ ਦਾਅਵੇਦਾਰੀ ਪੇਸ਼ ਕਰ ਰਹੀ ਹੈ। ਓਧਰ ਵਿਰੋਧੀ ਧਿਰ ਕਾਂਗਰਸ ਵੀ ਆਪ ਦੇ ਵਧਦੇ ਕਦਮਾਂ ਤੋਂ ਫਿਕਰਮੰਦ ਦਿਖਾਈ ਦੇ ਰਹੀ ਹੈ ਤੇ ਚੰਡੀਗੜ੍ਹ ਦੇ ਮੁੱਦੇ 'ਤੇ ਭਾਜਪਾ ਦੇ ਨਾਲ ਖੜ੍ਹੀ ਹੋ ਗਈ ਹੈ।

ਦੇਸ਼ ਵਿੱਚ ਲੋਕ ਸਭਾ ਚੋਣਾਂ ਸਾਲ 2024 ਵਿੱਚ ਹੋਣੀਆਂ ਹਨ, ਜਦੋਂ ਕਿ ਹਰਿਆਣੇ ਵਿੱਚ ਵਿਧਾਨ ਸਭਾ ਚੋਣਾਂ ਵੀ 2024 ਦੇ ਅਖੀਰ ਵਿੱਚ ਹਨ। ਇਸ ਲਈ ਭਾਜਪਾ ਨੇ ਹਰਿਆਣੇ ਵਿੱਚ ਦੋ ਸਾਲ ਪਹਿਲਾਂ ਹੀ ਸਿਆਸੀ ਪਕੜ ਮਜ਼ਬੂਤ ਕਰਨੀ ਸ਼ੁਰੂ ਕਰ ਦਿੱਤੀ ਹੈ। ਪਹਿਲਾਂ ਭਾਜਪਾ ਵੱਲੋਂ ਕਿਸਾਨ ਹਿਤੈਸ਼ੀ ਹੋਣ ਦੇ ਦਾਅਵੇ ਕੀਤੇ ਗਏ ਜਦੋਂ ਕੁਝ ਵੀ ਹੱਥ ਨਾ ਲੱਗਾ ਤਾਂ ਹੁਣ ਚੰਡੀਗੜ੍ਹ, ਐਸ ਵਾਈ ਐਲ ਅਤੇ ਹਿੰਦੀ ਭਾਸ਼ਾਈ ਇਲਾਕਿਆਂ 'ਤੇ ਸਿਆਸਤ ਸ਼ੁਰੂ ਕੀਤੀ ਹੈ।

ਦੱਸਣਯੋਗ ਹੈ ਕਿ ਵਿਧਾਨ ਸਭਾ ਚੋਣਾਂ 2014 ਵਿੱਚ ਭਾਜਪਾ ਨੇ ਹਰਿਆਣਾ ਵਿੱਚ ਕੁੱਲ ਨੱਬੇ ਸੀਟਾਂ ਵਿੱਚੋਂ 47 ਸੀਟਾਂ 'ਤੇ ਜਿੱਤ ਹਾਸਲ ਕਰ ਕੇ ਸੱਤਾ ਹਾਸਲ ਕੀਤੀ ਸੀ। ਸਾਲ 2019 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਸਿਰਫ ਚਾਲੀ ਸੀਟਾਂ ਹੀ ਜਿੱਤ ਸਕੀ ਸੀ ਤੇ 10 ਸੀਟਾਂ ਜਿੱਤਣ ਵਾਲੀ ਜਨਨਾਇਕ ਜਨਤਾ ਪਾਰਟੀ (ਜੇ ਜੇ ਪੀ) ਨਾਲ ਗੱਠਜੋੜ ਕਰ ਕੇ ਹਰਿਆਣਾ ਵਿੱਚ ਸਰਕਾਰ ਬਣਾਈ ਸੀ।

# ਠਾਕਰੇ ਦੀ ਮੰਗ: ਮਸਜਿਦਾਂ ਦੇ ਲਾਊਡ ਸਪੀਕਰ ਬੰਦ ਕਰੋ

ਮੁੰਬਈ, 4 ਅਪ੍ਰੈਲ (ਪੋਸਟ ਬਿਊਰੋ)- ਮਨਸੇ ਮੁਖੀ ਰਾਜ ਠਾਕਰੇ ਨੇ ਬੀਤੇ ਦਿਨੀਂ ਮਸਜਿਦਾਂ ਦੇ ਲਾਊਡ ਸਪੀਕਰ ਬੰਦ ਕੀਤੇ ਜਾਣ ਦੀ ਮੰਗ ਕੀਤੀ। ਠਾਕਰੇ ਨੇ ਇੱਥੇ ਸ਼ਿਵਾ ਜੀ ਪਾਰਕ 'ਚ ਰੈਲੀ ਵਿੱਚ ਕਿਹਾ ਕਿ ਮਸਜਿਦਾਂ 'ਚ ਲਾਊਡ ਸਪੀਕਰ ਏਨੀ ਤੇਜ਼ ਆਵਾਜ਼ ਵਿੱਚ ਕਿਉਂ ਵਜਾਏ ਜਾਂਦੇ ਹਨ? ਜੇ ਇਸ ਨੂੰ ਨਾ ਰੋਕਿਆ ਗਿਆ ਤਾਂ ਮਸਜਿਦਾਂ ਦੇ ਬਾਹਰ ਸਪੀਕਰ 'ਤੇ ਉਨ੍ਹਾਂ ਤੋਂ ਜ਼ਿਆਦਾ ਤੇਜ਼ ਆਵਾਜ਼ 'ਚ ਹਨੂਮਾਨ ਚਾਲੀਸਾ ਵਜਾਈ ਜਾਵੇਗੀ।ਉਨ੍ਹਾਂ ਨੇ ਕਿਹਾ ਕਿ ਮੈਂ ਪ੍ਰਾਰਥਨਾ ਜਾਂ ਕਿਸੇ ਵਿਸ਼ੇਸ਼ ਧਰਮ ਖਿਲਾਫ ਨਹੀਂ ਹਾਂ। ਮੈਨੂੰ ਆਪਣੇ ਧਰਮ 'ਤੇ ਮਾਣ ਹੈ। ਮਨਸੇ ਮੁਖੀ ਨੇ ਐਨ ਸੀ ਪੀ ਮੁਖੀ ਸ਼ਰਦ ਪਵਾਰ ਦੀ ਵੀ ਆਲੋਚਨਾ ਕੀਤੀ ਤੇ ਉਨ੍ਹਾਂ 'ਤੇ ਸਮੇਂ-ਸਮੇਂ 'ਤੇ ਜਾਤੀ ਦਾ ਮੁੱਦਾ ਚੁੱਕਣ ਤੇ ਸਮਾਜ ਨੂੰ ਵੰਡਣ ਦਾ ਦੋਸ਼ ਲਗਾਇਆ।

ਰਾਜ ਠਾਕਰੇ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਤੇ ਆਪਣੇ ਚਚੇਰੇ ਭਰਾ ਊਧਵ ਠਾਕਰੇ 'ਤੇ ਵੀ ਵਿਅੰਗ ਕੀਤਾ ਕਿ ਊਧਵ ਦੀ ਪਾਰਟੀ ਸ਼ਿਵ ਸੈਨਾ 2019 ਵਿੱਚ ਮੁੱਖ ਮੰਤਰੀ ਅਹੁਦੇ ਦੇ ਮੁੱਦੇ 'ਤੇ ਭਾਜਪਾ ਤੋਂ ਵੱਖ ਹੋ ਗਈ ਸੀ।ਰਾਜ ਠਾਕਰੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਕਹਿ ਰਹੇ ਸਨ ਕਿ ਦਵਿੰਦਰ ਫੜਨਵੀਸ ਅਗਲੇ ਮੁੱਖ ਮੰਤਰੀ ਬਣਨ ਜਾ ਰਹੇ ਹਨ। ਊਧਵ ਠਾਕਰੇ ਮੰਚ 'ਤੇ ਮੌਜੂਦ ਸਨ, ਪਰ ਉਨ੍ਹਾਂ ਨੇ ਸਾਰੀਆਂ ਸੀਟ ਬਾਰੇ ਵੰਡ ਦੇ ਫਾਰਮੂਲੇ ਦਾ ਜ਼ਿਕਰ ਨਹੀਂ ਕੀਤਾ। ਊਧਵ ਨੇ ਇਸ ਨੂੰ ਉਦੋਂ ਉਠਾਇਆ ਜਦੋਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਭਾਜਪਾ ਉਨ੍ਹਾਂ ਦੀ ਮਦਦ ਦੇ ਬਗੈਰ (2019 ਦੀਆਂ ਚੋਣਾਂ ਤੋਂ ਬਾਅਦ ਸਰਕਾਰ ਨਹੀਂ ਬਣਾ ਸਕਦੀ।ਮਨਸੇ ਨੇਤਾ ਨੇ ਦੋਸ਼ ਲਾਇਆ ਕਿ ਸਰਕਾਰ 'ਚ ਸ਼ਾਮਲ ਤਿੰਨ ਦਲਾਂ (ਸ਼ਿਵ ਸੈਨਾ, ਐਨ ਸੀ ਪੀ ਤੇ ਕਾਂਗਰਸ) ਨੇ ਲੋਕ ਰਾਇ ਦੀ ਅਣਦੇਖੀ ਕੀਤੀ ਹੈ।

# ਸੂਬਿਆਂ ਦੀਆਂ ਲੋਕ ਲੁਭਾਊ ਯੋਜਨਾਵਾਂ ਤੋਂ ਪ੍ਰਧਾਨ ਮੰਤਰੀ ਦਫਤਰ ਦੇ ਅਫਸਰ ਫਿਕਰਮੰਦ

ਨਵੀਂ ਦਿੱਲੀ, 4 ਅਪ੍ਰੈਲ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹੋਈ ਲੰਬੀ ਮੀਟਿੰਗ ਦੌਰਾਨ ਸੀਨੀਅਰ ਅਫਸਰਾਂ ਨੇ ਕਈ ਸੂਬਿਆਂ ਵੱਲੋਂ ਐਲਾਨੀਆਂ ਗਈਆਂ ਲੋਕ ਲੁਭਾਊ ਯੋਜਨਾਵਾਂ 'ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਆਰਥਿਕਤਾ ਪੱਖੋਂ ਇਹ ਜਾਇਜ਼ ਨਹੀਂ ਹਨ ਅਤੇ ਸੂਬਿਆਂ ਦਾ ਹਾਲ ਵੀ ਸ੍ਰੀਲੰਕਾ ਵਾਂਗ ਹੋ ਸਕਦਾ ਹੈ। ਮੋਦੀ ਨੇ ਸਾਰੇ ਵਿਭਾਗਾਂ ਦੇ ਸਕੱਤਰਾਂ ਨਾਲ ਬੀਤੇ ਦਿਨੀਂ ਕਰੀਬ ਚਾਰ ਘੰਟੇ ਮੀਟਿੰਗ ਕੀਤੀ ਸੀ। ਮੀਟਿੰਗ ਵਿੱਚ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ, ਪ੍ਰਿੰਸੀਪਲ ਸਕੱਤਰ ਪੀ ਕੇ ਮਿਸ਼ਰਾ ਅਤੇ ਕੈਬਨਿਟ ਸਕੱਤਰ ਰਾਜੀਵ ਗਾਬਾ ਸਮੇਤ ਹੋਰ ਕਈ ਸੀਨੀਅਰ ਅਧਿਕਾਰੀ ਹਾਜ਼ਰ ਸਨ। ਸੂਤਰਾਂ ਨੇ ਕਿਹਾ ਕਿ ਮੀਟਿੰਗ ਦੌਰਾਨ ਮੋਦੀ ਨੇ ਅਫਸਰਾਂ ਨੂੰ ਕਿਹਾ ਕਿ ਉਹ ਵੱਡੇ ਵਿਕਾਸ ਪ੍ਰੋਜੈਕਟਾਂ ਲਈ 'ਗਰੀਬੀ' ਦਾ ਪੁਰਾਣਾ ਹਵਾਲਾ ਨਾ ਦੇਣ ਅਤੇ ਹਰ ਕੰਮ ਨੂੰ ਵੱਡੇ ਪਰਿਪੇਖ ਵਿੱਚ ਦੇਖਣ।

ਸਕੱਤਰਾਂ ਵੱਲੋਂ ਕੋਵਿਡ-19 ਮਹਾਮਾਰੀ ਦੌਰਾਨ ਦਿਖਾਏ ਟੀਮ ਵਰਕ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਉਹ ਸਬੰਧਤ ਵਿਭਾਗਾਂ ਦੇ ਨਹੀਂ ਸਗੋਂ ਭਾਰਤ ਸਰਕਾਰ ਦੇ ਸਕੱਤਰ ਵਜੋਂ ਰਲ ਕੇ ਕੰਮ ਕਰਨ। ਉਨ੍ਹਾਂ ਸਕੱਤਰਾਂ ਨੂੰ ਫੀਡ ਬੈਕ ਦੇਣ ਅਤੇ ਸਰਕਾਰੀ ਨੀਤੀਆਂ 'ਚ ਖ਼ਾਮੀਆਂ ਬਾਰੇ ਸੁਝਾਅ ਦੇਣ ਲਈ ਵੀ ਕਿਹਾ। ਦੋ ਦਰਜਨ ਤੋਂ ਵੱਧ ਸਕੱਤਰਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਜਿਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੜੇ ਧਿਆਨ ਨਾਲ ਸੁਣਿਆ। ਸਾਲ 2014 ਤੋਂ ਲੈ ਕੇ ਹੁਣ ਤਕ ਪ੍ਰਧਾਨ ਮੰਤਰੀ ਦੀ ਇਹ 9ਵੀਂ ਮੀਟਿੰਗ ਸੀ। ਦੋ ਸਕੱਤਰਾਂ ਨੇ ਹੁਣੇ ਜਿਹੇ ਹੋਈਆਂ ਵਿਧਾਨ ਸਭਾ ਚੋਣਾਂ ਵਾਲੇ ਸੂਬੇ, ਜਿਸ ਦੀ ਮਾਲੀ ਹਾਲਤ ਬਹੁਤ ਖਰਾਬ ਹੈ, ਸਮੇਤ ਹੋਰ ਸੂਬਿਆਂ ਵਿੱਚ ਐਲਾਨੀਆਂ ਗਈਆਂ ਲੋਕ ਲੁਭਾਊ ਯੋਜਨਾਵਾਂ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਇਹ ਆਰਥਿਕਤਾ ਪੱਖੋਂ ਲੰਬੇ ਸਮੇਂ ਤਕ ਨਹੀਂ ਚੱਲ ਸਕਦੀਆਂ ਹਨ ਅਤੇ ਇਸ ਨਾਲ ਸੂਬਿਆਂ ਦੀ ਹਾਲਤ ਸ੍ਰੀਲੰਕਾ ਵਾਲੀ ਹੋ ਸਕਦੀ ਹੈ।

# 1971 ਦੀ ਜੰਗ ਜਿੱਤਣ 'ਤੇ ਸਾਂਚੂ ਨੂੰ ਵਾਰ-ਟਰਾਫੀ ਵਿੱਚ ਦੋ ਟੀ-55 ਟੈਂਕ ਮਿਲੇ



ਬੀਕਾਨੇਰ, 4 ਅਪ੍ਰੈਲ (ਪੋਸਟ ਬਿਊਰੋ)- ਭਾਰਤ-ਪਾਕਿ ਜੰਗ 1971 ਵਿੱਚ ਜਿੱਤ ਦੇ ਸਿਰਮੌਰ ਰਹੇ ਦੋ ਟੀ-55 ਟੈਂਕ ਸਾਂਚੂ ਬੀ ਓ ਪੀ 'ਤੇ ਤੈਨਾਤ ਕੀਤੇ ਗਏ ਹਨ। ਸਾਂਚੂ ਦੇਸ਼ ਦੀ ਇੱਕੋ-ਇੱਕ ਬੀ ਓ ਪੀ ਹੈ ਜਿਥੇ ਟੂਰਿਸਟਾਂ ਦੇ ਲਈ ਟੈਂਕ ਰੱਖੇ ਗਏ ਹਨ। ਇਨ੍ਹਾਂ ਟੈਂਕਾਂ ਨਾਲ ਪੱਛਮੀ ਸਰਹੱਦ 'ਤੇ ਲੜਾਈ ਲੜੀ ਗਈ ਸੀ। ਹੁਣ ਵਾਰ ਟਰਾਫੀ ਦੇ ਤੌਰ 'ਤੇ ਉਨ੍ਹਾਂ ਨੂੰ ਵਾਪਸ ਬਾਰਡਰ 'ਤੇ ਭੇਜ ਕੇ ਸਨਮਾਨ ਦਿੱਤਾ ਗਿਆ ਹੈ। ਬੀਕਾਨੇਰ ਤੋਂ ਕਰੀਬ 180 ਕਿਲੋਮੀਟਰ ਦੂਰ ਬੀ ਐਸ ਐਫ ਦੀ ਸਾਂਚੂ ਬੀ ਓ ਪੀ ਨੂੰ ਸੀਮਾ ਦਰਸ਼ਨ ਪ੍ਰੋਗਰਾਮ ਦੇ ਤਹਿਤ ਬਾਰਡਰ ਟੂਰਿਜ਼ਮ ਦੇ ਲਈ ਡਿਵੈਲਪ ਕੀਤਾ ਗਿਆ ਹੈ। ਬੀ ਓ ਪੀ ਦੇ ਐਂਟਰੈਂਸ 'ਤੇ ਦੋ ਰਸ਼ੀਅਨ ਟੈਂਕ ਟੀ-55 ਰੱਖੇ ਗਏ ਹਨ। ਟੈਂਕ ਨਾਲ ਬੀ ਐਸ ਐਫ ਜਵਾਨਾਂ ਦਾ ਜੋਸ਼ ਦੁੱਗਣਾ ਹੋ ਗਿਆ ਹੈ, ਕਿਉਂਕਿ 1971 ਦੀ ਜੰਗ ਵਿੱਚ ਪੱਛਮੀ ਸਰਹੱਦ ਤੋਂ ਪਾਕਿ ਫੌਜ 'ਤੇ ਗੋਲੇ ਸੁੱਟਣ ਵਿੱਚ ਇਹ ਟੈਂਕ ਸ਼ਾਮਲ ਸਨ। ਟੈਂਕਾਂ ਦੀ ਜਾਣਕਾਰੀ ਇੱਕ ਨੀਂਹ ਪੱਥਰ 'ਤੇ ਉਕੇਰੀ ਜਾਏਗੀ ਤਾਂ ਕਿ ਟੂਰਿਸਟ ਵੀ ਵੀਰਗਾਥਾ ਜਾਣ ਸਕਣ। ਗੌਰਤਲਬ ਹੈ ਕਿ ਸਾਂਚੂ ਵਿੱਚ ਵਾਰ ਮਿਊਜ਼ੀਅਮ, ਮੰਦਰ ਅਤੇ ਵਿਊ ਪੁਆਇੰਟ ਵੀ ਹੈ।

ਬੀ ਐਸ ਐਫ ਦੇ ਡੀ ਆਈ ਜੀ ਨੇ ਦੱਸਿਆ ਕਿ ਇੱਕ ਟੈਂਕ ਦਾ ਨਾਂਅ ਸਾਂਚੂ ਅਤੇ ਦੂਸਰੇ ਦਾ ਖਰੂਲਾ ਰੱਖਿਆ ਗਿਆ ਹੈ। ਦੋਵੇਂ ਨੇ ਹੀ ਬੀ ਓ ਪੀ 'ਤੇ 1971 ਦੀ ਜੰਗ ਲੜੀ ਗਈ ਸੀ। ਟੀ-55 ਟੈਂਕ 1965 ਅਤੇ 1971 ਦੀ ਜੰਗ 'ਚ ਸਿਰਮੌਰ ਰਿਹਾ ਹੈ। ਇਸ ਦਾ ਵਜਨ 39 ਟਨ ਹੈ। ਸਾਲ 2008 ਵਿੱਚ ਇਹ ਰਿਟਾਇਰ ਹੋ ਗਿਆ ਸੀ। ਇਸ ਦੀ ਚਾਰੇ ਪਾਸੇ ਘੁੰਮ ਕੇ ਗੋਲਾ ਦਾਗਣ ਦੀ ਸਮਰੱਥਾ ਹੈ। ਟੈਂਕ 105 ਐਮ ਐਮ ਦੀ ਮਸ਼ੀਨਗੰਨ ਤੇ 12.7 ਐਮ ਐਮ ਦੀ ਐਂਟੀ ਏਅਰਕਰਾਫਟ ਗੰਨ ਨਾਲ ਲੈਸ ਹੈ। ਸਾਂਚੂ ਬੀ ਓ ਪੀ 'ਤੇ ਦੋ ਟੈਂਕ ਰੱਖੇ ਜਾਣ ਦੇ ਬਾਅਦ ਬੀਕਾਨੇਰ ਨੂੰ ਨੌਂ ਵਾਰ ਟਰਾਫੀ ਮਿਲ ਚੁੱਕੀ ਹੈ। 65 ਦੀ ਜੰਗ ਵਿੱਚ ਪਾਕਿ ਤੋਂ ਜਿੱਤਿਆ ਹੋਇਆ ਪੈਟਨ ਟੈਂਕ ਪਬਲਿਕ ਪਾਰਕ ਵਿੱਚ ਰੱਖਿਆ ਗਿਆ। ਉਸ ਦੇ ਬਾਅਦ ਸ਼ਹੀਦ ਕੈਪਟਨ ਚੰਦਰ ਚੌਧਰੀ ਦੀ ਸ਼ਹਾਦਤ ਦੀ ਯਾਦ ਵਿੱਚ ਦੋ ਵਿਜਯੰਤਾ ਟੈਂਕ ਹਨ। ਬਾਰਡਰ ਟੂਰਿਜ਼ਮ ਨੂੰ ਉਤਸ਼ਾਹ ਦੇਣ ਦੇ ਲਈ ਖਾਜੂਵਾਲਾ ਵਿੱਚ ਬੀਟਿੰਗ ਰਿਟਰੀਟ ਸੈਰੇਮਨੀ ਦੀ ਓਪਨਿੰਗ ਇਸੇ ਮਹੀਨੇ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ
ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION




## ਪੰਜਾਬ ਸਰਕਾਰ ਦਾ ਹਥਿਆਰਾਂ, ਅਸ਼ਲੀਲਤਾ ਵਾਲੇ ਗੀਤਾਂ 'ਤੇ ਪਾਬੰਦੀ ਲਾਉਣਾ ਸ਼ਲਾਘਾਯੋਗ: ਮੀਕਾ ਸਿੰਘ

ਚੰਡੀਗੜ੍ਹ, 4 ਅਪ੍ਰੈਲ (ਪੋਸਟ ਬਿਊਰੋ)- ਬਾਲੀਵੁੱਡ ਦੇ ਪ੍ਰਸਿੱਧ ਗਾਇਕ ਮੀਕਾ ਸਿੰਘ ਨੇ ਚੰਡੀਗੜ੍ਹ ਵਿੱਚ ਮੀਡੀਆ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਹਥਿਆਰਾਂ, ਅਸ਼ਲੀਲਤਾ ਆਦਿ ਨੂੰ ਉਤਸ਼ਾਹਤਕਰਨ ਵਾਲੇ ਗੀਤਾਂ 'ਤੇ ਪਾਬੰਦੀ ਲਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ, ਉਹ ਸ਼ਲਾਘਾਯੋਗ ਹਨ।



ਮੀਕਾ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਮਿੱਟੀ ਨਾਲ ਜੁੜਿਆ ਨੇਕ ਦਿੱਲ ਇਨਸਾਨ ਹੈ। ਭਗਵੰਤ ਮਾਨ ਤੇ ਉਨ੍ਹਾਂ (ਮੀਕਾ) ਨੇ ਬਹੁਤ ਸਾਰੇ ਸ਼ੋਅ ਇਕੱਠੇ ਕੀਤੇ ਹਨ, ਜਿਸ ਕਰਕੇ ਉਹ ਭਗਵੰਤ ਮਾਨ ਨੂੰ ਬਹੁਤ ਨੇੜੇ ਤੋਂ ਜਾਣਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਹ ਛੇਤੀ ਹੀ ਭਗਵੰਤ ਮਾਨ ਨੂੰ ਮਿਲਣਗੇ ਅਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਉਨ੍ਹਾਂ ਦੇ ਕਾਰਜਾਂ 'ਚ ਸਾਥ ਦੇਣ ਦੀ ਗੱਲ ਕਰਨਗੇ। ਮੀਕਾ ਨੇ ਦਸਿਆ ਕਿ 'ਸਵੰਬਰ-ਮੀਕ ਦੀ ਵਾਹੁਟੀ' ਸ਼ੋਅ ਅਗਲੇ ਮਹੀਨੇ ਹੋਵੇਗਾ, ਜਿਸ ਵਿੱਚ ਮੀਕਾ ਆਪਣੇ ਲਈ ਢੁਕਵਾਂ ਜੀਵਨ ਸਾਥੀ ਚੁਣਨਗੇ। ਇਸ ਮਿਊਜ਼ੀਕਲ ਸ਼ੋਅ ਵਿੱਚ 30 ਦੇ ਕਰੀਬ ਲੜਕੀਆਂ ਹਿੱਸਾ ਲੈਣਗੀਆਂ। ਉਨ੍ਹਾਂ ਦਸਿਆ ਆਪਣੀ ਗਾਇਕੀ ਦੀ ਸ਼ੁਰੂਆਤ 75 ਰੁਪਏ ਮਿਹਨਤਾਨੇ ਨਾਲ ਕੀਤੀ ਸੀ। ਉਨ੍ਹਾਂ ਪਹਿਲਾਂ ਦਲੇਰ ਮਹਿੰਦੀ ਦਾ ਸਹਾਇਕ ਬਣ ਕੇ ਸੰਗੀਤ ਦੀਆਂ ਬਾਰੀਕੀਆਂ ਸਿੱਖੀਆਂ ਤੇ ਜਦੋਂ ਉਸ ਦਾ ਪਹਿਲਾਂ ਗੀਤ ਆਇਆ ਤਾਂ ਉਸ ਨੂੰ 1000 ਰੁਪਏ ਮਿਲੇ ਸੀ।

## ਵਿਗਿਆਨੀਆਂ ਨੇ ਦੱਸਿਆ: ਸੈਲਫੀ ਕਾਰਨ ਵਧੀ ਰਾਇਨੋਪਲਾਸਟੀ

ਲੰਡਨ, 4 ਅਪ੍ਰੈਲ (ਪੋਸਟ ਬਿਊਰੋ)- ਸੈਲਫੀ ਦਾ ਰੁਝਾਨ ਤੇਜ਼ੀ ਨਾਲ ਵਧਿਆ ਹੈ। ਲੋਕ ਹਰ ਸਾਲ ਔਸਤਨ 450 ਸੈਲਫੀਆਂ ਲੈ ਰਹੇ ਹਨ, ਪਰ ਅਜਿਹਾ ਕਰਨ ਨਾਲ ਫੋਟੋ ਵਿੱਚ ਚਿਹਰਾ ਵਿਗੜ ਸਕਦਾ ਹੈ। ਇਹ ਨਤੀਜਾ ਇੱਕ ਖੋਜ ਤੋਂ ਸਾਹਮਣੇ ਆਇਆ ਹੈ। ਯੂਨੀਵਰਸਿਟੀ ਆਫ ਟੈਕਸਾਸ ਸਾਊਥ ਵੈਸਟਰਨ ਮੈਡੀਕਲ ਸੈਂਟਰ ਦੇ ਖੋਜਕਾਰਾਂ ਨੇ ਖੁਲਾਸਾ ਕੀਤਾ ਹੈ ਕਿ ਸੈਲਫੀ ਤੁਹਾਡੇ ਚਿਹਰੇ ਨੂੰ ਵਿਗਾੜ ਦਿੰਦੀ ਹੈ, ਜਿਸ ਕਾਰਨ ਤੁਹਾਡੀ ਨੱਕ ਆਮ ਤਸਵੀਰਾਂ ਦੇ ਮੁਕਾਬਲੇ ਵਿੱਚ ਲੰਬੀ ਅਤੇ ਚੌੜੀ ਦਿਖਾਈ ਦਿੰਦੀ ਹੈ। ਯੂ ਕੇ ਵਿੱਚ ਨੱਕ ਦੀ ਸਰਜਰੀ, ਜਿਸ ਨੂੰ ਰਾਇਨੋਪਲਾਸਟੀ ਵੀ ਕਿਹਾ ਜਾਂਦਾ ਹੈ, ਕਾਸਮੈਟਿਕ ਸਰਜਰੀ ਦੇ ਸਭ ਤੋਂ ਲੋਕਪ੍ਰਿਯ ਰੂਪਾਂ ਵਿੱਚੋਂ ਇੱਕ ਹੈ।



ਖੋਜਕਾਰਾਂ ਅਨੁਸਾਰ ਸੈਲਫੀ ਦੀ ਲੋਕਪ੍ਰਿਅਤਾ ਕਰ ਕੇ ਰਾਇਨੋਪਲਾਸਟੀ ਕਰਾਉਣ ਵਾਲਿਆਂ ਦੀ ਗਿਣਤੀ ਵੀ ਵਧ ਗਈ ਹੈ। ਖੋਜ ਦੀ ਅਗਵਾਈ ਕਰਨ ਵਾਲੀ ਡਾਕਟਰ ਨੇ ਕਿਹਾ, ''ਸੈਲਫੀ ਵਿੱਚ ਵਾਧਾ ਅਤੇ ਰਾਇਨੋਪਲਾਸਟੀ ਦਾ ਰੁਝਾਨ ਵਧਣ ਵਿੱਚ ਖਾਸ ਸੰਬੰਧ ਹੈ। ਖੋਜ ਵਿੱਚ ਤੀਹ ਵਲੰਟੀਅਰਾਂ ਨੂੰ ਇਹ ਪਤਾ ਲਗਾਉਣ ਦੇ ਲਈ ਸ਼ਾਮਲ ਕੀਤਾ ਗਿਆ ਕਿ ਸੈਲਫੀ ਚਿਹਰੇ ਦੀਆਂ ਵਿਸ਼ੇਸ਼ਤਾਵਾਂ ਨੂੰ ਕਿਵੇਂ ਪ੍ਰਭਾਵਤ ਕਰਦੀ ਹੈ। ਵਲੰਟੀਅਰ ਨੇ ਤਿੰਨ ਸੈਲਫੀਆਂ ਵਿੱਚੋਂ ਦੋ 12 ਅਤੇ 18 ਇੰਚ ਦੀ ਦੂਰੀ 'ਤੇ ਸਾਹਮਣੇ ਵਾਲੇ ਕੈਮਰੇ ਦੀ ਵਰਤੋਂ ਕਰ ਕੇ ਲਈਆਂ। ਇੱਕ ਨੂੰ ਪੰਜ ਫੁੱਟ ਦੀ ਦੂਰੀ 'ਤੇ ਇੱਕ ਡਿਜੀਟਲ ਕੈਮਰੇ ਦੀ ਵਰਤੋਂ ਕਰ ਕੇ ਲਈ ਗਈ। ਤਿੰਨੋਂ ਤਸਵੀਰਾਂ ਇੱਕ ਹੀ ਵਾਰ ਵਿੱਚ ਅਤੇ ਇੱਕ ਹੀ ਰੋਸ਼ਨੀ ਵਿੱਚ ਲਈਆਂ ਗਈਆਂ ਸਨ।

ਡਿਜੀਟਲ ਕੈਮਰੇ ਤੋਂ ਲਈ ਗਈ ਤਸਵੀਰ ਦੇ ਮੁਕਾਬਲੇ ਵਿੱਚ ਔਸਤਨ 12 ਇੰਚ ਦੀ ਸੈਲਫੀ ਵਿੱਚ ਨੱਕ 6.4 ਫੀਸਦੀ ਅਤੇ 18 ਇੰਚ ਦੀ ਸੈਲਫੀ ਵਿੱਚ 4.3 ਫੀਸਦੀ ਲੰਬੀ ਦਿਖਾਈ ਦਿੰਦੀ ਹੈ। 12 ਇੰਚ ਦੀ ਸੈਲਫੀ ਵਿੱਚ ਠੋਡੀ ਦੀ ਲੰਬਾਈ ਵੀ ਔਸਤਨ 12 ਫੀਸਦੀ ਘੱਟ ਪਾਈ ਗਈ। ਇਸ ਨਾਲ ਨੱਕ ਤੇ ਠੋਡੀ ਦੀ ਲੰਬਾਈ ਦੇ ਅਨੁਪਾਤ ਵਿੱਚ 17 ਫੀਸਦੀ ਦਾ ਵਾਧਾ ਹੋਇਆ। ਸੈਲਫੀ ਨੇ ਚਿਹਰੇ ਦੀ ਚੌੜਾਈ ਦੇ ਬਦਲੇ ਨੱਕ ਦੇ ਆਧਾਰ ਨੂੰ ਚੌੜਾ ਬਣਾ ਦਿੱਤਾ। ਖੋਜਕਾਰਾਂ ਨੇ ਚਿਤਾਵਨੀ ਦਿੱਤੀ ਕਿ ਸੈਲਫੀ 'ਤੇ ਚਿਹਰੇ ਦਾ ਵਿਗਾੜ ਮਾਨਸਿਕ ਸਿਹਤ ਨੂੰ ਪ੍ਰਭਾਵਤ ਕਰ ਸਕਦਾ ਹੈ...॥







## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen
Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com







ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)
















Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
CALL JAG FOR A QUICK & FREE HOME EVALUATION
www.BramptonTopRealtor.com
www.BramptonTopAgent.com
RECENTLY LISTED/SOLD IN YOUR NEIGHBOURHOOD BY JAG AUJLA
JUST LISTED FOR SALE
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades
BRANTFORD, ONTARIO
Call Jag Aujla For Details
JUST LISTED FOR SALE
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New
* Spent over $200k on upgrades
BRAMPTON, ONTARIO
Call Jag Aujla For Details
SOLD $215,000 OVER ASKING IN 2 DAYS
42 Lawnview Crt
Sandalwood /Hwy 10 / Braidwood
SOLD $101,000 OVER ASKING IN 2 DAYS
11 Germain Circ
Miss.Rd/ William Pkwy/ Bovaird
SOLD $165,000 OVER ASKING IN 2 DAYS
5 Mitchell Ave
Sandalwood/ Conestoga/ Dalzell
SOLD @101% OF ASKING PRICE
12 Laurelcrest St
Queen / Laurelcrest / Hwy 410
SOLD $260,000 OVER ASKING IN 4 DAYS
10 Lady Stewart Blvd
Howden / William Pkwy/ Hwy 410
SOLD @99% OF ASKING PRICE
11 Van Hoof Crest
Castlemore/ Goreway / Latania
SOLD $121,000 OVER ASKING IN 6 DAYS Caledon
42 Pinedale Ave
Kennedy / Dougall
SOLD $73,000 OVER ASKING IN 6 DAYS Shelbourne
416 Olde Village Lane
Hwy 89 / Greenwood
SOLD $355,000 OVER ASKING IN 4 DAYS
37 Esker Dr
Heart Lake Rd/Sandalwood Pkwy
FREE
Full MLS Services
Consistently Marketing Your Property Until SOLD
Staging Consultation
Billboard, Flyer, Newspaper
Online Promotion
Professional Pictures and Virtual Tour
Social media & Radio Advertisement
Open House Until Sold
Competitive Rates, Exceptional Service & Award Winning Results
RE/MAX Realty Specialists Inc. Brokerage
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
SOLD
$1,399,999
CASTLEMORE/GOREWAY
FOR SALE
$1,749,900
8337 ਗਲਫ ਲਾਈਨ
416-802-5866
FOR SALE
$1,950,000
26 Yellow RomeRd


jobs! jobs! jobs! jobs! jobs!
DUNDAS-JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017